# ਅਜਗਰ ਨੂੰ ਹਰਾਉਣ ਲਈ ਰਣਨੀਤੀ ਪੁਸਤਕ

ਫ੍ਰੈਂਕਲਿਨ ਦੇ ਨੋਟਸ

ਇਸ ਪੁਸਤਕ ਤੇ ਅਧਾਰਿਤ: ਏਵਰੀ ਯੰਗ ਮੈਨਸ ਬੈਟਲ ਗਾਈਡ

ਲੇਖਕ: ਸਟੀਫਨ ਅਰਟਰਬਮ ਅਤੇ ਫ੍ਰੈਡ ਸਟੋਕਰ; www.waterbrookpress.com

ਸਫਾ


| | | |
|---|---|---|
| I. | ਅਧਿਐਨ ਬਾਰੇ ਨਿੱਜੀ ਰਾਇ | 1 |
| II. | ਕਾਮਨਾ ਅੱਗ ਉਗਲਣ ਵਾਲਾ ਅਜਗਰ ਹੈ | 2 |
| III. | ਮਨ ਯੁੱਧ ਦਾ ਮੈਦਾਨ ਹੈ | 4 |
| IV. | ਯੁੱਧ ਲਈ ਤਿਆਰੀ | 4 |
| V. | ਹਰਾਮਕਾਰੀ (ਦੁਰਾਚਾਰ) ਤੋਂ ਭੱਜੋ | 7 |
| VI. | ਸਾਨੂੰ ਬਚੇ ਰਹਿਣ ਦਾ ਹੁਕਮ ਦਿੱਤਾ ਗਿਆ | 8 |
| VII. | ਯਿਸੂ ਦੀ ਸੁਣੋ | 8 |
| VIII. | ਜਿੱਤਣ ਲਈ ਯੁੱਧ ਜ਼ਰੂਰੀ ਹੈ | 9 |
| IX. | ਆਪਣੇ ਵਿਚਾਰਾਂ ਨੂੰ ਜਾਂਚੋ | 10 |
| X. | ਕੀਮਤ ਬਾਰੇ ਸਖਤ ਚੇਤਾਵਨੀ | 10 |
| XI. | ਤੁਹਾਡੇ ਅੱਜ ਦੇ ਫੈਸਲਿਆਂ ਦਾ ਅਸਰ ਤੁਹਾਡੇ ਕੱਲ੍ਹ ਉੱਤੇ ਪਵੇਗਾ | 11 |
| XII. | ਆਪਣੇ ਮਿੱਤਰ ਸਾਵਧਾਨੀ ਨਾਲ ਚੁਣੋ | 12 |
| XIII. | ਆਪਣੀਆਂ ਹੱਦਾਂ ਤੈਅ ਕਰੋ | 13 |
| XIV. | ਪ੍ਰਭੂ ਸਾਨੂੰ ਅਨੁਸ਼ਾਸਨ ਸਿਖਾਵੇਗਾ | 16 |
| XV. | ਪਰਮੇਸ਼ੁਰ ਤੁਹਾਡੇ ਲਈ ਉੱਤਮ ਚਾਹੁੰਦਾ ਹੈ | 17 |
| XVI. | ਸਾਫ਼ ਵਿਵੇਕ ਦਾ ਵੱਡਾ ਮੁੱਲ ਹੈ | 19 |
| XVII. | ਤੁਹਾਡਾ ਸਰੀਰ ਇੱਕ ਮੰਦਰ ਹੈ | 19 |
| XVIII. | ਜੁਆਨ ਔਰਤਾਂ ਨਾਲ ਆਦਰ ਵਾਲਾ ਵਿਹਾਰ ਕਰੋ | 20 |
| XIX. | ਔਰਤ ਦੀਆਂ ਹੱਦਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਨਾ ਕਰੋ | 20 |
| XX. | ਇੱਕ ਜੋਧਾ ਬਣਨ ਲਈ ਸੱਦੇ ਗਏ | 22 |
| XXI. | ਤੁਸੀਂ ਇਕੱਲੇ ਇਹ ਯੁੱਧ ਨਹੀਂ ਲੜ ਸਕਦੇ | 24 |
| XXII. | ਮੁੱਕਦੀ ਗੱਲ | 25 |

## ਅਧਿਐਨ ਬਾਰੇ ਨਿੱਜੀ ਰਾਇ:

ਜੇਕਰ ਤੁਸੀਂ ਇਸ ਸਾਰੇ ਅਧਿਐਨ ਨੂੰ ਪੜ੍ਹਿਆ ਹੈ ਅਤੇ ਕੋਈ ਸੁਝਾਅ ਦੇਣਾ ਚਾਹੁੰਦੇ ਹੋ, ਤਾਂ ਸਾਨੂੰ ਇਸ ਪਤੇ 'ਤੇ ਈ-ਮੇਲ ਕਰ ਸਕਦੇ ਹੋ: treasurehisword@hotmail.com

ਕਿਰਪਾ ਕਰਕੇ ਮੈਨੂੰ ਆਪਣਾ ਨਾਮ ਅਤੇ ਆਪਣਾ ਦੇਸ ਦੱਸੋ। ਤੁਹਾਡਾ ਨਾਮ ਤੁਹਾਡੇ ਸੁਝਾਅ ਦੇ ਨਾਲ ਨਹੀਂ ਛਾਪਿਆ ਜਾਵੇਗਾ, ਕੇਵਲ ਤੁਹਾਡੇ ਦੇਸ ਦਾ ਨਾਮ ਛਾਪਿਆ ਜਾਵੇਗਾ। ਜ਼ਰੂਰੀ ਨਹੀਂ ਹੈ ਕਿ ਤੁਹਾਡੇ ਸੁਝਾਅ ਨੂੰ ਅਧਿਐਨ ਜਾਂ ਸਟੱਡੀ ਨੋਟਸ ਵਿੱਚ ਸ਼ਾਮਲ ਕੀਤਾ ਹੀ ਜਾਵੇ।

- *"ਬਹੁਤ ਵਧੀਆ! ਅਤੇ ਬਿਲਕੁਲ ਸਹੀ ਸਮੇਂ ਤੇ। ਬਹੁਤ ਸਾਰੇ ਵਚਨ ਸ਼ੁੱਧਤਾ ਬਾਰੇ ਦੱਸਦੇ ਹਨ। ਇਹ ਆਪਣੇ ਮਨ ਦੇ ਉਸ ਹਿੱਸੇ ਨੂੰ ਜਿਸ ਨੂੰ ਕਾਮਨਾ ਨੇ ਆਪਣੇ ਵੱਸ ਕਰ ਰੱਖਿਆ ਹੈ, ਸੱਚਾਈ ਦੀਆਂ ਵੱਡੀਆਂ-ਵੱਡੀਆਂ ਲਹਿਰਾਂ ਨਾਲ ਨਹਿਲਾਉਣ ਵਾਂਗ ਹੈ!!! ਬੇਹੱਦ ਸ਼ਕਤੀਸ਼ਾਲੀ। ਇਸ ਨੂੰ ਹਰ ਰੋਜ਼ ਪੜ੍ਹਨਾ ਬਹੁਤ ਚੰਗਾ ਹੋਵੇਗਾ।"*

# ਅਜਗਰ ਨੂੰ ਹਰਾਉਣ ਲਈ ਰਣਨੀਤੀ ਪੁਸਤਕ

ਫ੍ਰੈਂਕਲਿਨ ਦੇ ਨੋਟਸ
ਇਸ ਪੁਸਤਕ ਤੇ ਅਧਾਰਿਤ: ਏਵਰੀ ਯੰਗ ਮੈਨਸ ਬੈਟਲ ਗਾਈਡ
ਲੇਖਕ: ਸਟੀਫਨ ਅਰਟਰਬਮ ਅਤੇ ਫ੍ਰੈਡ ਸਟੋਕਰ; www.waterbrookpress.com

## I. ਕਾਮਨਾ ਅੱਗ ਉਗਲਣ ਵਾਲਾ ਅਜਗਰ ਹੈ

**ਕਾਮਨਾ ਅੱਗ ਉਗਲਣ ਵਾਲਾ ਉਹ ਅਜਗਰ ਹੈ,** ਜਿਸ ਨੂੰ ਜੇਕਰ ਖੁਰਾਕ ਦਿੱਤੀ ਜਾਵੇ, ਤਾਂ ਉਹ ਛੇਤੀ ਹੀ ਬੇਹੱਦ ਤਾਕਤਵਰ ਬਣ ਜਾਂਦਾ ਹੈ ਅਤੇ ਇੱਕ ਅਜਿਹੇ ਵੱਡੇ ਦੈਂਤ ਦਾ ਰੂਪ ਲੈ ਲੈਂਦਾ ਹੈ ਜੋ ਤੁਹਾਨੂੰ ਸਾੜ ਸਕਦਾ ਅਤੇ ਨਿਗਲ ਸਕਦਾ ਹੈ। ਇਸ ਦੈਂਤ ਨੂੰ ਉਸ ਸਮੇਂ ਤੱਕ ਭੁੱਖੇ ਮਾਰਨਾ ਬਹੁਤ ਹੀ ਮੁਸ਼ਕਲ ਹੈ ਜਦੋਂ ਤਕ ਕਿ ਇਹ ਇੰਨਾ ਕਮਜ਼ੋਰ ਨਾ ਹੋ ਜਾਵੇ ਕਿ ਇਸ ਨੂੰ ਪਿੰਜਰੇ ਵਿਚ ਬੰਦ ਕੀਤਾ ਜਾ ਸਕੇ। ਇਸ ਦੈਂਤ ਨੂੰ ਪਾਲੋ ਨਾ, ਨਹੀਂ ਤਾਂ ਇਹ ਤੁਹਾਨੂੰ ਖਾ ਜਾਵੇਗਾ ਅਤੇ ਤੁਹਾਡੀ ਜ਼ਿੰਦਗੀ ਨੂੰ ਬਰਬਾਦ ਕਰ ਦੇਵੇਗਾ।

ਅਤੇ **ਅਜਗਰ** ਨੂੰ ਇਸਤ੍ਰੀ ਉੱਤੇ **ਕ੍ਰੋਧ ਆਇਆ**....ਅਤੇ ਉਹ ਦੇ ਵੰਸ ਵਿੱਚੋਂ ਜਿਹੜੇ ਰਹਿੰਦੇ ਅਤੇ ਜਿਹੜੇ ਪਰਮੇਸ਼ੁਰ ਦੀਆਂ ਆਗਿਆਂ ਦੀ ਪਾਲਨਾ ਕਰਦੇ ਅਤੇ ਯਿਸੂ ਦੀ ਸਾਖੀ ਭਰਦੇ ਹਨ ਓਹਨਾਂ ਨਾਲ **ਜੁੱਧ ਕਰਨ ਨੂੰ** ਚਲਿਆ ਗਿਆ, ਅਤੇ ਉਹ ਸਮੁੰਦਰ ਦੇ ਬਰੇਤੇ ਉੱਤੇ ਜਾ ਖਲੋਤਾ। ਪਰਕਾਸ਼ ਦੀ ਪੋਥੀ 12:17

- ਉਹ ਖਾਸ ਕਰਕੇ ਯਿਸੂ ਮਸੀਹ ਨੂੰ ਮੰਨਣ ਵਾਲਿਆਂ ਨਾਲ ਨਫ਼ਰਤ ਕਰਦਾ ਹੈ ਅਤੇ ਉਨ੍ਹਾਂ ਨੂੰ ਹਰਾਉਣ ਲਈ ਕੁਝ ਵੀ ਕਰ ਸਕਦਾ ਹੈ।

**ਅਜਗਰ** ਦੇ ਮੂੰਹ ਵਿੱਚੋਂ ਅਤੇ ਉਸ ਦਰਿੰਦੇ ਦੇ ਮੂੰਹ ਵਿੱਚੋਂ....ਮੈਂ ਡੱਡੂਆਂ ਜੇਹੇ ਤਿੰਨ **ਭ੍ਰਿਸ਼ਟ** ਆਤਮੇ ਨਿੱਕਲਦੇ ਵੇਖੇ; (14) ਕਿਉਂ ਜੋ ਇਹ ਨਿਸ਼ਾਨ ਦਿਖਾਉਣ ਵਾਲੇ ਭੂਤਾਂ ਦੇ ਆਤਮੇ ਸਨ ਪਰਕਾਸ਼ ਦੀ ਪੋਥੀ 16:13

- ਅਤੇ ਸਭ ਤੋਂ ਨੀਚ ਅਤੇ ਸਭ ਤੋਂ ਬੁਰਾ **ਕਾਮਨਾ ਦਾ ਭੂਤ** ਹੈ।
- ਅਤੇ ਇਸ ਭੂਤ ਨੂੰ **ਕਦੇ ਵੀ** ਪਾਲਿਆ ਅਤੇ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਜਾਂ ਜ਼ਰਾ ਵੀ ਥਾਂ **ਨਹੀਂ** ਦਿੱਤੀ ਜਾਣੀ ਚਾਹੀਦੀ, ਨਹੀਂ ਤਾਂ ਉਹ ਤੁਹਾਨੂੰ ਅੰਦਰੋਂ ਬਰਬਾਦ ਕਰ ਦੇਵੇਗਾ।

ਇਹ ਸਾਡਾ ਯੁੱਧ ਹੈ – ਸਾਡੇ ਲਈ ਇਸ

**ਅੱਗ ਉਗਲਣ ਵਾਲੇ ਅਜਗਰ** ਨੂੰ ਹਰਾਉਣਾ ਜ਼ਰੂਰੀ ਹੈ

ਆਖਰੀ ਜਿੱਤ ਪ੍ਰਭੂ ਯਿਸੂ ਮਸੀਹ ਵੱਲੋਂ ਭਵਿੱਖ ਵਿੱਚ ਛੇਤੀ ਹੀ ਹਾਸਲ ਕੀਤੀ ਜਾਵੇਗੀ।

ਅਤੇ ਉਹ ਨੇ **ਅਜਗਰ** ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ਤਾਨ ਹੈ ਫੜਿਆ ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ (3) ਅਤੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਇਹ ਨੂੰ ਮੁੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ ਜਿੰਨ੍ਹਾਂ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ। ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ। ਪਰਕਾਸ਼ ਦੀ ਪੋਥੀ 20:2-3

ਪਰ ਉਸ ਦਿਨ ਦੇ ਆਉਣ ਤਕ: ਸਾਨੂੰ ਕਾਮਨਾ ਦੇ ਉਸ ਅਜਗਰ ਨਾਲ ਲੜਦੇ ਰਹਿਣਾ ਅਤੇ ਇਸ ਨੂੰ ਜਿੱਤਣਾ ਜ਼ਰੂਰੀ ਹੈ ਜੋ ਸਾਡੇ ਸਰੀਰ ਦੀ ਮਨੁੱਖੀ ਗੁਫਾ ਵਿੱਚ ਰਹਿੰਦਾ ਹੈ।

ਪਰ ਧੰਨਵਾਦ ਹੈ ਪਰਮੇਸ਼ੁਰ ਦਾ **ਜੋ ਸਾਨੂੰ** ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ ਹੈ !** ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ **ਇਸਥਿਰ ਅਤੇ ਅਡੋਲ ਹੋਵੋ** ਅਤੇ **ਪ੍ਰਭੁ ਦੇ ਕੰਮ ਵਿੱਚ ਸਦਾ ਵਧਦੇ ਜਾਓ** ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੁ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ। 1 ਕੁਰਿੰਥੀਆ 15:57-58

ਜਿੱਤ ਤੁਹਾਡੀ ਹੈ ਜੇਕਰ ਤੁਸੀਂ ਇਸ ਦੇ ਲਈ ਲੜਨ ਅਤੇ ਇਸ ਨੂੰ ਹਾਸਲ ਕਰਨ ਲਈ ਤਿਆਰ ਹੋ।

**ਪਰਮੇਸ਼ੁਰ ਦੀ ਇੱਛਿਆ** ਤੁਹਾਡੀ **ਪਵਿੱਤਰਤਾਈ** ਦੀ ਹੈ ਭਈ ਤੁਸੀਂ **ਹਰਾਮਕਾਰੀ ਤੋਂ ਬਚੇ ਰਹੋ** (4) ਅਤੇ ਤੁਹਾਡੇ ਵਿੱਚੋਂ ਹਰ ਕੋਈ **ਆਪਣੇ ਆਪ ਲਈ** ਇਸਤ੍ਰੀ ਨੂੰ ਪਵਿੱਤਰਤਾਈ ਅਤੇ ਪਤ ਨਾਲ **ਪਰਾਪਤ ਕਰਨਾ ਜਾਣੇ** (5) **ਨਾ ਕਾਮ ਦੀ ਵਾਸ਼ਨਾ ਨਾਲ** ਪਰਾਈਆਂ ਕੌਮਾਂ ਵਾਂਗੂ ਜਿੰਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ (6) ਅਤੇ ਕੋਈ ਇਸ ਗੱਲ ਵਿੱਚ ਅਪਰਾਧੀ ਨਾ ਹੋਵੇ, ਨਾ ਆਪਣੇ ਭਾਈ (ਜਾਂ ਭੈਣ) ਨਾਲ ਵਾਧਾ ਕਰ ਕਿਉਂ ਜੋ **ਪ੍ਰਭੁ ਇਨ੍ਹਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ** ਜਿਵੇਂ ਅਸਾਂ ਅੱਗੇ ਵੀ ਤੁਹਾਨੂੰ ਆਖਿਆ ਅਤੇ ਸਾਖੀ ਦਿੱਤੀ ਸੀ (7) ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ **ਪਵਿੱਤਰਤਾਈ ਵਿੱਚ ਸੱਦਿਆ** (8) ਉਪਰੰਤ ਜੋ **ਇਹ ਨੂੰ ਰੱਦਦਾ ਹੈ** ਸੋ ਮਨੁੱਖ ਨੂੰ ਨਹੀਂ **ਸਗੋਂ ਪਰਮੇਸ਼ੁਰ ਨੂੰ** ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ। 1 ਥੱਸਲੁਨੀਕੀਆਂ 4:3-8

ਬਾਈਬਲ ਇਸ ਵਿਸ਼ੇ ਬਾਰੇ ਬਿਲਕੁਲ ਸਪਸ਼ਟ ਹੈ:

ਪਰ **ਹਰਾਮਕਾਰੀ** ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿੱਚ **ਨਾਉਂ ਵੀ ਨਾ ਹੋਵੇ। ਜਿਵੇਂ ਸੰਤਾਂ ਨੂੰ ਜੋਗ ਹੈ।** ਅਫਸੀਆਂ 5:3

ਕਿਉਂਕਿ **ਅੰਦਰੋਂ** ਮਨੁੱਖ ਦੇ ਦਿਲ ਵਿੱਚੋਂ **ਬੁਰੇ ਖਿਆਲ**, **ਹਰਾਮਕਾਰੀਆਂ**, (22) ਚੋਰੀਆਂ, ਖੂਨ, **ਜ਼ਨਾਕਾਰੀਆਂ**, **ਲੋਭ**, **ਬਦੀਆਂ**, ਛਲ, ਮਸਤੀ, ਬੁਰੀ ਨਜ਼ਰ, ਕੁਫਰ, ਹੰਕਾਰ, ਮੂਰਖਤਾਈ ਨਿੱਕਲਦੀ ਹੈ (23) ਏਹ ਸਾਰੀਆਂ ਬੁਰੀਆਂ ਗੱਲਾਂ ਅੰਦਰੋਂ ਨਿੱਕਲਦੀਆਂ ਅਤੇ **ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ।** ਮਰਕੁਸ 7:21-23

---

## II. **ਮਨ ਯੁੱਧ ਦਾ ਮੈਦਾਨ ਹੈ** ਅਤੇ **ਆਪਣੇ ਵਿਚਾਰਾਂ ਨੂੰ ਕਾਬੂ ਕਰਨਾ** ਤੁਹਾਡੀ ਜਿੱਤ ਜਾਂ ਹਾਰ ਨੂੰ ਤੈਅ ਕਰੇਗਾ।

ਸ਼ਤਾਨ ਨੇ ਯਿਸੂ **ਦੇ ਮਨ ਵਿੱਚ ਵਿਚਾਰ ਪਾਏ ਅਤੇ ਇਨ੍ਹਾਂ ਵਿਚਾਰਾਂ ਦੇ ਦੁਆਰਾ** ਮਨੁੱਖੀ ਇੱਛਾਵਾਂ ਦੇ ਖੇਤਰ ਵਿੱਚ ਉਸ ਨੂੰ **ਪਰਤਾਇਆ** (ਮੱਤੀ 4:1-11)। ਜੇਕਰ ਯਿਸੂ ਇਨ੍ਹਾਂ ਵਿਚਾਰਾਂ ਵਿੱਚੋਂ ਕਿਸੇ ਇੱਕ ਦੇ ਵੀ ਅਨੁਸਾਰ ਕਰਦਾ ਤਾਂ ਉਹ ਆਪਣੇ ਪਿਤਾ ਦੀ ਅਣਆਗਿਆਕਾਰੀ ਕਰਦਾ ਅਤੇ ਬੁਰਾਈ ਨੂੰ **ਆਪਣੇ ਜੀਵਨ ਵਿੱਚ ਥਾਂ ਦੇਣ ਦੁਆਰਾ** ਸ਼ਤਾਨ ਦੀ ਆਗਿਆਕਾਰੀ ਕਰਦਾ।

ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀ ਹੈ ਜੋ ਸਾਡੀਆਂ **ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸਕੇ ਸਗੋਂ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਗੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ।** (16) ਇਸ ਲਈ ਆਓ ਅਸੀਂ **ਕਿਰਪਾ ਦੇ ਸਿੰਘਾਸਣ** ਦੇ **ਅੱਗੇ** ਦਿਲੇਰੀ ਨਾਲ **ਚੱਲੀਏ** ਭਈ ਅਸੀਂ **ਦਯਾ ਪ੍ਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।** ਇਬਰਾਨੀਆਂ 4:15-16

ਇਸੇ ਤਰ੍ਹਾਂ ਸਾਡਾ ਯੁੱਧ ਦਾ ਮੈਦਾਨ **ਸਾਡਾ ਮਨ** ਹੈ - **ਅਰਥਾਤ ਸਾਡੇ ਵਿਚਾਰ।**

- ਸ਼ਤਾਨ ਹਰ ਢੰਗ ਨਾਲ ਸਾਡੇ ਮਨ ਵਿੱਚ ਕਾਮਨਾ ਦੇ ਵਿਚਾਰ ਪਾਉਣ ਦੀ ਕੋਸ਼ਿਸ਼ ਕਰੇਗਾ।
- ਅਸ਼ਲੀਲ ਸਮੱਗਰੀ ਵੇਖਣਾ (ਪੋਰਨੋਗ੍ਰਾਫੀ) ਕਾਮਨਾ ਦੇ ਅਜਗਰ ਦੀ ਖੁਰਾਕ ਹੈ।

2 ਕੁਰਿੰਥੀਆਂ 10:2-6.....ਕੁਝ ਲੋਕ ਸਾਨੂੰ **ਸਰੀਰ ਦੇ ਅਨੁਸਾਰ** ਚੱਲਣ ਵਾਲੇ ਜੇਹੇ **ਸਮਝਦੇ** ਹਨ (ਜਿਵੇਂ ਟੀ.ਵੀ. ਅਤੇ ਫਿਲਮਾਂ ਵਿੱਚ ਵਿਖਾਇਆ ਜਾਂਦਾ ਹੈ)। (3) ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਯੁੱਧ ਨਹੀਂ ਕਰਦੇ (4) ਇਸ ਲਈ ਜੋ ਸਾਡੇ **ਯੁੱਧ ਦੇ ਸ਼ਸ਼ਤ੍ਰ..... ਕਿਲ੍ਹਿਆਂ** (ਜਿੱਥੇ ਅਜਗਰ ਰਹਿੰਦਾ ਹੈ) ਦੇ ਢਾਹ ਦੇਣ ਲਈ ਡਾਢੇ ਤਕੜੇ ਹਨ। (5) ਸੋ **ਵਹਿਮਾਂ** ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।**

---

## III. ਯੁੱਧ ਲਈ ਤਿਆਰੀ

ਅਫਸੀਆਂ 6:11-17 **ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ** ਤਾਂ ਜੋ **ਤੁਸੀਂ ਸ਼ਤਾਨ ਦੇ ਛਲ ਛਿਦ੍ਰਾਂ ਦੇ ਸਾਹਮਣੇ ਖਲੋ ਸਕੋ।**

- ➢ ਜੇਕਰ ਤੁਸੀਂ **ਪਰਮੇਸ਼ੁਰ ਦੇ ਸ਼ਸ਼ਤ੍ਰ ਬਸਤ੍ਰ ਨਹੀਂ ਧਾਰਦੇ** ਤੁਸੀਂ **ਅਜਗਰ** ਦੇ ਵਿਰੁੱਧ ਖੜ੍ਹੇ ਨਹੀਂ ਹੋ ਸਕੋਗੇ ਅਤੇ ਉਹ ਆਪਣੇ ਸਾਹਾਂ ਦੀ ਅੱਗ ਨਾਲ ਤੁਹਾਡੇ ਉੱਤੇ ਹਮਲਾ ਕਰੇਗਾ ਅਤੇ ਤੁਹਾਡੇ ਅੰਦਰ ਕਾਮਨਾ ਦੇ ਭਾਂਬੜ ਬਾਲ ਦੇਵੇਗਾ।

(12) ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, **ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਂਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ** ਜੋ ਸੁਰਗੀ ਥਾਵਾਂ ਵਿੱਚ ਹਨ।

(13) **ਇਸ ਕਾਰਨ** ਤੁਸੀਂ **ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ** ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ ਕਰ ਸਕੋ** ਅਤੇ **ਸਭੋ ਕੁਝ ਮੁਕਾ ਕੇ ਖਲੋ ਸਕੋ।** (14) ਸੋ ਤੁਸੀਂ ਆਪਣੀ ਕਮਰ **ਸਚਿਆਈ** ਨਾਲ ਕਸ ਕੇ,

- ਸਚਿਆਈ ਨੂੰ ਜਾਣਗੇ ਅਤੇ ਸਚਿਆਈ ਤੁਹਾਨੂੰ ਅਜਾਦ ਕਰੇਗੀ। ਯੂਹੰਨਾ 8:32

ਅਤੇ **ਧਰਮ** ਦੀ ਸੰਜੋ **ਪਹਿਨ ਕੇ,**

- ਇਸ ਨੂੰ ਜੋ ਸਹੀ ਹੈ ਉਸ ਨੂੰ ਕਰਨ ਅਤੇ ਉਸ ਦੇ ਦੁਆਰਾ ਚੱਲਣ ਦੇ ਨਾਲ ਹੀ ਪਹਿਨਿਆ ਜਾ ਸਕਦਾ ਹੈ।

(15) ਅਤੇ ਮਿਲਾਪ ਦੀ **ਖੁਸ਼ ਖਬਰੀ** ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ

- ਇਹ ਉਸ ਕੰਮ ਦੀ **ਗਵਾਹੀ** ਹੈ ਜੋ ਯਿਸੂ ਨੇ **ਸਾਡੇ ਲਈ** ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਦੁਆਰਾ **ਕੀਤਾ** ਅਤੇ ਇਹ ਸਾਡੇ ਚਾਲ-ਚਲਣ ਅਤੇ ਰਹਿਣ-ਸਹਿਣ ਤੋਂ ਪਰਗਟ ਹੁੰਦਾ ਹੈ।

- ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ ਅਤੇ ਮੇਰੇ ਰਾਹ ਦਾ ਚਾਨਣ ਹੈ। ਜ਼ਬੂਰਾਂ ਦੀ ਪੋਥੀ 119:105

(16) ਓਹਨਾਂ ਸਭਨਾਂ ਸਣੇ **ਨਿਹਚਾ ਦੀ ਢਾਲ ਲਾਓ** ਜਿਹ ਦੇ ਨਾਲ **ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸਕੋਗੇ।**

- ਤੁਹਾਨੂੰ ਜ਼ਰੂਰ ਹੀ ਅਗਣ ਬਾਣਾਂ ਨੂੰ ਬੁਝਾਉਣਾ ਚਾਹੀਦਾ ਹੈ, ਨਹੀਂ ਤਾਂ ਉਹ ਕਾਮਨਾ ਦੇ ਭਾਂਬੜ ਭੜਕਾ ਕੇ ਤੁਹਾਡੇ ਸਰੀਰ ਨੂੰ ਵਿੰਨ੍ਹ ਦੇਣਗੇ।

- ਵਿਸ਼ਵਾਸ ਦੀ ਢਾਲ ਇਹ ਹੈ – ਜੋ ਪਰਮੇਸ਼ੁਰ ਦਾ ਵਚਨ ਆਖਦਾ ਹੈ ਉਸ ਵਿੱਚ ਤੁਹਾਡਾ ਭਰੋਸਾ ਅਤੇ ਇਸ ਦੀ ਆਗਿਆਕਾਰੀ . . . . ਅਮਲਾਂ ਬਾਝੋਂ ਨਿਹਚਾ ਅਕਾਰਥ ਹੈ ਯਾਕੂਬ 2:20

(17) **ਅਤੇ ਮੁਕਤੀ ਦਾ ਟੋਪ ਲਵੋ** ਆਪਣੇ ਮਨ ਦੀ ਰਾਖੀ ਲਈ।

- ਆਪਣੇ ਆਪ ਨੂੰ ਕਾਮਨਾ ਭਰੇ ਅਤੇ ਬੁਰੇ ਵਿਚਾਰਾਂ ਤੋਂ ਬਚਾਉਣ ਅਤੇ ਦੂਰ ਰੱਖਣ ਲਈ – **ਜੋ ਕਿ ਅਜਗਰ ਦੀ ਖੁਰਾਕ ਹੈ – ਹਰ ਸਮੇਂ** "ਮੁਕਤੀ ਦਾ ਟੋਪ" ਪਹਿਨਿਆ ਹੋਣਾ **ਚਾਹੀਦਾ ਹੈ।**

- ਉਸ ਜਿੱਤ ਬਾਰੇ ਸੋਚੋ ਅਤੇ ਉਸ ਵਿੱਚ ਦ੍ਰਿੜ ਰਹੋ ਜੋ ਯਿਸੂ ਨੇ ਹਾਸਲ ਕੀਤੀ ਅਤੇ ਆਪਣੀ ਕਿਰਪਾ ਦੁਆਰਾ ਤੁਹਾਨੂੰ ਮੁਫਤ ਵਿੱਚ ਦਿੱਤੀ। ਤੁਹਾਨੂੰ ਆਪਣੇ ਵਿਚਾਰਾਂ ਤੇ ਕਾਬੂ ਰੱਖਣਾ ਜ਼ਰੂਰੀ ਹੈ!

ਅਤੇ **ਆਤਮਾ ਦੀ ਤਲਵਾਰ** ਜੋ **ਪਰਮੇਸ਼ੁਰ ਦੀ ਬਾਣੀ** ਹੈ ਲੈ ਲਵੋ।

- ਇਹ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ। ਇਹ ਖਾਸ ਕਰਕੇ **ਅਜਗਰ-ਘਾਤੀ** ਹਥਿਆਰ ਹੈ!

- ਕਾਮਨਾ ਦੇ ਹਰੇਕ ਪਰਤਾਉਣ ਵਾਲੇ ਖਿਆਲ ਦਾ ਜਵਾਬ ਇਹ ਕਹਿ ਕੇ ਦੇਣਾ: **ਇਹ ਲਿਖਿਆ ਹੈ** ! ਜਿਵੇਂ ਯਿਸੂ ਨੇ ਉਨ੍ਹਾਂ ਸਾਰੇ ਪਰਤਾਵਿਆਂ ਦਾ ਜਵਾਬ ਦਿੱਤਾ ਜੋ ਸ਼ਤਾਨ ਨੇ ਉਸ ਦੇ ਸਾਹਮਣੇ ਲਿਆਂਦੇ ਅਤੇ ਤਦ ਸ਼ਤਾਨ ਉਸ ਨੂੰ ਇਕੱਲਾ ਛੱਡ ਕੇ ਚਲਿਆ ਗਿਆ। ਸ਼ਤਾਨ ਪਰਮੇਸ਼ੁਰ ਦੇ ਵਚਨ ਦੇ ਸਾਹਮਣੇ ਸ਼ਕਤੀਹੀਣ ਹੈ।

- **ਗਲਾਤੀਆਂ 2:20 ਨੂੰ ਮੂੰਹਜ਼ਬਾਨੀ ਯਾਦ ਕਰੋ** ਅਤੇ ਜਦੋਂ ਵੀ ਤੁਹਾਡੇ ਮਨ ਵਿੱਚ ਕੋਈ ਬੁਰਾ ਵਿਚਾਰ ਆਵੇ ਤਾਂ ਆਪਣੇ ਆਪ ਨੂੰ ਯਾਦ ਦਿਵਾਉਣ ਲਈ ਇਹ ਆਖੋ ਕਿ ਮੁਰਦਾ ਪਾਪ ਜਾਂ ਕਾਮਨਾ ਨਹੀਂ ਕਰ ਸਕਦਾ। **ਫਿਲਿੱਪੀਆਂ 2:5-9** ਨੂੰ ਵੀ ਮੂੰਹਜ਼ਬਾਨੀ ਯਾਦ ਕਰੋ ਅਤੇ ਉਸ ਵੱਡੇ ਮੁੱਲ ਬਾਰੇ ਸੋਚਦੇ ਹੋਏ ਇਸ ਨੂੰ ਦੁਹਰਾਓ ਜੋ ਯਿਸੂ ਨੇ ਤੁਹਾਡੀ ਜਿੱਤ ਲਈ ਤਾਰਿਆ।

- **ਇਸ ਲਈ ਤੁਹਾਨੂੰ ਜ਼ਰੂਰ ਹੀ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨਾ, ਇਸ ਦਾ ਅਧਿਐਨ ਕਰਨਾ, ਇਸ ਨੂੰ ਜਾਣਨਾ ਅਤੇ ਮੂੰਹਜ਼ਬਾਨੀ ਯਾਦ ਕਰਨਾ ਚਾਹੀਦਾ ਹੈ, ਤਾਂ ਕਿ ਤੁਸੀਂ ਤਲਵਾਰ ਦਾ ਇਸਤੇਮਾਲ ਕਰ ਸਕੋ ਅਤੇ ਕਾਮਨਾ ਦੇ ਅਜਗਰ ਨੂੰ ਹਰਾ ਸਕੋ।**

(18) ਅਤੇ ਸਾਰੀ **ਪ੍ਰਾਰਥਨਾ** ਅਤੇ ਬੇਨਤੀ ਨਾਲ **ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ** ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ

- ਪੂਰਾ ਦਿਨ ਹਰ ਸਮੇਂ **ਆਤਮਾ ਵਿੱਚ ਪ੍ਰਾਰਥਨਾ ਕਰਨਾ** ਤੁਹਾਨੂੰ ਪਵਿੱਤਰ ਆਤਮਾ ਦੀ ਅਵਾਜ਼ ਅਤੇ ਬੁੱਧ ਦੇ ਪ੍ਰਤੀ ਸਚੇਤ ਰੱਖੇਗਾ ਅਤੇ ਤੁਸੀਂ ਇਸ ਨੂੰ ਸੁਣਦੇ ਰਹੋਗੇ।
  ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਬੋਲਦਾ ਹੈ
  1 ਕੁਰਿੰਥੀਆਂ 14:2

- **ਜਾਗਦੇ ਰਹੋ ਅਤੇ ਪ੍ਰਾਰਥਨਾ ਕਰੋ** ਜੋ ਤੁਸੀਂ **ਪਰਤਾਵੇ ਵਿੱਚ ਨਾ ਪਓ**, ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ। ਮਰਕੁਸ 14:38

ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ **ਤੁਹਾਡੇ ਅੱਗੇ ਬੇਨਤੀ ਕਰਦਾ** ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ** ਜੀਉਂਦਾ ਅਤੇ **ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ** ਬਲੀਦਾਨ ਕਰਕੇ **ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ। ਅਤੇ ਇਸ ਜੁੱਗ ਦੇ **ਰੂਪ ਜੇਹੇ ਨਾ ਬਣੋ** ਸਗੋਂ **ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ** ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।
ਰੋਮੀਆਂ 12:1-2

ਸਾਡੇ ਸਰੀਰਿਕ ਬਦਲਾਵ ਵੀ ਅਜਗਰ ਦੀ ਖੁਰਾਕ ਹਨ ਜਿਸ ਨਾਲ ਉਸ ਦੀ ਤਾਕਤ ਵਧਦੀ ਹੈ। ਖਾਸ ਕਰਦੇ ਉਦੋਂ, ਜਦੋਂ ਸਰੀਰ ਵਿੱਚ ਇਹ ਬਦਲਾਵ ਆਉਣੇ ਸ਼ੁਰੂ ਹੁੰਦੇ ਹਨ।

ਅਜਗਰ ਚਿਲਾਉਣਾ ਸ਼ੁਰੂ ਕਰ ਦਿੰਦਾ ਹੈ ਅਤੇ ਭੋਜਨ ਮੰਗਦਾ ਹੈ। ਇਹ ਬਹੁਤ ਹੀ ਖਤਰਨਾਕ ਅਤੇ ਨਾਜ਼ੁਕ ਸਮਾਂ ਹੁੰਦਾ ਹੈ . . . ਤੁਹਾਨੂੰ ਲੜਾਈ ਲੜਨਾ ਅਤੇ ਇੱਥੇ ਹੀ ਜਿੱਤਣਾ ਜ਼ਰੂਰੀ ਹੈ ਨਹੀਂ ਤਾਂ ਇਹ ਅਜਗਰ ਅੱਗ ਉਗਲਣ ਵਾਲਾ ਐਸਾ ਦੈਂਤ ਬਣ ਜਾਵੇਗਾ ਜਿਹੜਾ ਤੁਹਾਨੂੰ ਤੁਹਾਡੇ ਬਾਕੀ ਸਾਰੇ ਜੀਵਨ ਆਸਾਨੀ ਨਾਲ ਖਾਂਦਾ ਰਹੇਗਾ।

---

## IV. ਹਰਾਮਕਾਰੀ (ਯੌਨ ਦੁਰਾਚਾਰ) ਤੋਂ – ਭੱਜੋ – ਤੁਰੋ ਨਹੀਂ

**ਹਰਾਮਕਾਰੀ ਤੋਂ ਭੱਜੋ।** ਹਰੇਕ ਪਾਪ ਜੋ ਮਨੁੱਖ ਕਰਦਾ ਹੈ **ਸੋ ਸਰੀਰ ਦੇ ਬਾਹਰ ਹੈ** ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ। ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ ? ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, **ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।** 1 ਕੁਰਿੰਥੀਆਂ 6:18-20

- ਯੂਸੁਫ਼ ਭੱਜਿਆ: ਉਤਪਤ 39:7-12

**ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੁ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ **ਧਰਮ**, ਨਿਹਚਾ, ਪ੍ਰੇਮ ਅਤੇ ਮਿਲਾਪ ਦੇ **ਮਗਰ ਲੱਗਾ ਰਹੁ।** 2 ਤਿਮੋਥਿਉਸ 2:22

. . . ਅਸੀਂ ਇਹ ਠਹਿਰਾ ਕੇ ਲਿਖ ਭੇਜਿਆ ਕਿ ਉਹ **ਆਪਣੇ ਆਪ ਨੂੰ ਸਾਰੀ ਆਸ਼ੁੱਧਤਾ** ਅਤੇ **ਹਰਾਮਕਾਰੀ** ਤੋਂ . . . **ਦੂਰ ਰੱਖਣ।** ਰਸੂਲਾਂ ਦੇ ਕਰਤੱਬ 21:25

ਸੱਚ ਮੁੱਚ, . . . **ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਗੁਲਾਮ ਹੈ।** ਯੂਹੰਨਾ 8:34-35

ਕਾਮਨਾ ਤੁਹਾਨੂੰ ਜੰਜ਼ੀਰਾਂ ਵਿੱਚ ਜਕੜ ਲਵੇਗੀ, ਕੈਦ ਕਰ ਲਵੇਗੀ ਅਤੇ ਤੁਹਾਡੇ ਜੀਵਨ ਉੱਤੇ ਕਾਬੂ ਕਰਕੇ ਇਸ ਨੂੰ ਨਾਸ ਕਰ ਸੁੱਟੇਗੀ।

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

## V. ਸਾਨੂੰ ਬਚੇ ਰਹਿਣ ਦਾ ਹੁਕਮ ਦਿੱਤਾ ਗਿਆ ਹੈ:

ਹਰਾਮਕਾਰੀ ਤੋਂ . . . **ਬਚੇ ਰਹੋ** ਰਸੂਲਾਂ ਦੇ ਕਰਤੱਬ 15:20

ਤੁਸੀਂ ਹਰਾਮਕਾਰੀ ਤੋਂ . . . **ਬਚੇ ਰਹੋ** ਰਸੂਲਾਂ ਦੇ ਕਰਤੱਬ 15:29

**ਅਤੇ ਨਾ ਹੋਵੇ ਭਈ ਕੋਈ ਹਰਾਮਕਾਰ** ਇਬਰਾਨੀਆਂ 12:16

ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ** ਜਿਹੜੀਆਂ **ਜਾਨ ਨਾਲ ਲੜਦੀਆਂ ਹਨ।** 1 ਪਤਰਸ 12:16

ਬਾਈਬਲ ਹਰਾਮਕਾਰੀ (ਯੌਨ ਦੁਰਾਚਾਰ) ਦੇ ਖਤਰਿਆਂ ਅਤੇ ਵਿਨਾਸ਼ਕਾਰੀ ਨੁਕਸਾਨ ਬਾਰੇ ਸਾਫ਼-ਸਾਫ਼ ਦੱਸਦੀ ਹੈ।

---

## VI. ਸੁਣੋ ਯਿਸੂ ਨੇ ਕਾਮਨਾ ਬਾਰੇ ਕੀ ਕਿਹਾ

ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ **ਬੁਰੀ ਇੱਛਿਆ ਕਰਕੇ ਵੇਖਦਾ** ਹੈ ਸੋ ਤਦੋਂ ਹੀ ਆਪਣੇ ਮਨੋਂ ਉਸ ਦੇ ਨਾਲ **ਜ਼ਨਾਹ** ਕਰ ਚੁੱਕਿਆ (ਇੱਥੋਂ ਤੱਕ ਕਿ ਭਾਵੇਂ ਹਾਲੇ ਵਿਆਹ ਵੀ ਨਹੀਂ ਹੋਇਆ ਹੈ ਕਿਉਂਕਿ ਸਰੀਰਕ ਸੰਬੰਧ ਨੇਮ ਕਾਇਮ ਕਰਨ ਵਾਲੀ ਕਿਰਿਆ ਹੈ)। (29) ਅਰ ਜੇ ਤੇਰੀ ਸੱਜੀ ਅੱਖ ਤੈਨੂੰ ਠੇਕਰ ਖੁਆਵੇ ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿੱਚ ਸੁੱਟਿਆ ਨਾ ਜਾਵੇ। ਮੱਤੀ 5:28-30

- ਯਿਸੂ ਹਰਾਮਕਾਰੀ (ਯੌਨ ਦੁਰਾਚਾਰ) ਦੇ ਚਰਮ ਬਿੰਦੂ ਨੂੰ ਪਰਗਟ ਕਰ ਰਿਹਾ ਹੈ।

- ਕਾਮਨਾ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ ਅਤੇ ਫਿਰ ਆਪਣੇ ਮਨ ਵਿੱਚ ਉਸ ਦਾ ਖਿਆਲ ਜਾਂ ਤਸਵੀਰ ਬਣਾਉਂਦੇ ਹੋ ਉੱਥੋਂ ਸ਼ੁਰੂ ਹੁੰਦੀ ਹੈ . . . ਅਰਥਾਤ ਅਜਗਰ ਨੂੰ ਖੁਰਾਕ ਦੇਣਾ।

- ਅਸ਼ਲੀਲ ਸਮੱਗਰੀ (ਪੋਰਨੋਗ੍ਰਾਫੀ) ਤੁਹਾਨੂੰ ਬਰਬਾਦ ਕਰ ਸਕਦੀ ਹੈ ਅਤੇ ਇਹ ਤੁਹਾਡੇ ਭਾਵੀ ਜੀਵਨ ਸਾਥੀ ਨਾਲ ਤੁਹਾਡੇ ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਦੇ ਰਿਸ਼ਤੇ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੀ ਹੈ।

ਉਹ ਨੇ **ਆਪਣੀਆਂ ਬਾਹਲੀਆਂ ਚਿਕਣੀਆਂ ਚੋਪੜੀਆਂ ਗੱਲਾਂ ਨਾਲ** [ਅਜਗਰ] **ਉਸ ਨੂੰ ਫੁਸਲਾ ਲਿਆ,** ਅਤੇ ਆਪਣੇ ਬੁੱਲਾਂ ਦੇ ਲੱਲੋ ਪੱਤੋ ਨਾਲ ਧੱਕੋ ਧੱਕੀ ਉਹ ਨੂੰ ਲੈ ਗਈ। **ਉਹ ਝੱਟ ਉਹ ਦੇ ਮਗਰ ਹੋ ਤੁਰਿਆ**, ਜਿਵੇਂ **ਬਲਦ ਕੱਟਣ** ਲਈ, ਜਾਂ ਬੇੜੀਆਂ ਵਿੱਚ ਕੋਈ **ਮੂਰਖ** ਸਜ਼ਾ ਲਈ ਜਾਵੇ, ਜਦ ਤੀਕ ਤੀਰ ਉਹ ਦੇ ਕਲੇਜੇ ਨਾ ਵਿੰਨ੍ਹੇ, - ਜਿਵੇਂ ਪੰਛੀ **ਫਾਹੇ** ਨੂੰ ਛੇਤੀ ਕਰੇ, ਅਤੇ ਨਹੀਂ ਜਾਣਦਾ ਭਈ **ਉਹ** ਉਸ ਦੀ ਜਾਨ **ਲਈ ਹੈ।** ਹੁਣ **ਹੇ ਮੇਰੇ ਪੁੱਤ੍ਰੋ, ਤੁਸੀਂ ਮੇਰੀ ਸੁਣੋ,** ਅਤੇ **ਮੇਰੇ ਮੂੰਹ ਦੇ ਬਚਨਾਂ ਉੱਤੇ ਚਿੱਤ ਲਾਓ।** ਉਹ ਦੇ ਰਾਹਾਂ [ਕਾਮਨਾ] ਵੱਲ ਤੇਰਾ ਚਿੱਤ **ਨਾ ਲੱਗੇ**, ਤੂੰ ਉਹ ਦੇ ਪਹਿਆਂ ਵਿੱਚ ਨਾ ਭਟਕਦਾ ਫਿਰੀਂ, ਕਿਉਂ ਜੋ ਉਹ ਨੇ **ਬਾਹਲਿਆਂ** ਨੂੰ ਘਾਇਲ ਕਰਕੇ ਡੇਗ ਦਿੱਤਾ ਹੈ, ਅਤੇ ਉਹ ਦੇ ਘਾਤ ਕੀਤੇ ਹੋਏ ਢੇਰ ਸਾਰੇ ਹਨ! ਕਹਾਉਤਾ 7:21-26

ਭਈ ਕੀ ਜਾਣੀਏ ਜੋ ਪਰਮੇਸ਼ੁਰ ਓਹਨਾਂ ਨੂੰ **ਤੋਬਾ ਕਰਨੀ ਬਖਸ਼ੇ** ਭਈ ਸਤ ਦੇ ਗਿਆਨ ਨੂੰ ਪਰਾਪਤ ਕਰਨ ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ **ਸ਼ਤਾਨ ਦੀ ਫਾਹੀ ਵਿੱਚ ਫੱਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।**

2 ਤਿਮੋਥਿਉਸ 2:25-26

---

## VII. ਜਿੱਤ ਵਿੱਚ ਚੱਲਣ ਲਈ ਜਾਂ ਜਿੱਤ ਵੱਲ ਵਾਪਸ ਮੁੜਨ ਲਈ ਯੁੱਧ ਜ਼ਰੂਰੀ ਹੈ

ਅਜਗਰ ਨੂੰ ਘਾਤ ਕਰਨ ਵਾਲਾ / **ਸਲੀਬ ਦਾ ਇੱਕ ਸਿਪਾਹੀ** ਬਣ ਕੇ, ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। (ਲੂਕਾ 9:23)

**ਇਸ ਦਾ ਕੀ ਅਰਥ ਹੈ?** **ਤੁਸੀਂ ਕਿਵੇਂ ਆਪਣੀ ਸਲੀਬ ਨੂੰ ਚੁੱਕਦੇ ਹੋ?**

ਇਸੇ ਤਰ੍ਹਾਂ ਤੁਸੀਂ ਭੀ **ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ** ਪਰ ਮਸੀਹ ਯਿਸੂ ਵਿੱਚ **ਪਰਮੇਸ਼ੁਰ ਲਈ ਜੀਉਂਦੇ ਸਮਝੋ।** ਉਪਰੰਤ **ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ ਨਾ ਕਰੇ** ਜੋ **ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੋ** ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ **ਪਰਮੇਸ਼ੁਰ ਨੂੰ ਸੌਂਪ ਦਿਓ** ਅਤੇ ਆਪਣੇ ਅੰਗ **ਧਰਮ** ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ ਰੋਮੀਆਂ 6:11-13

ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ **ਸਰੀਰ ਦੇ ਅਨੁਸਾਰ ਜੁੱਧ ਨਹੀਂ ਕਰਦੇ।** (4) ਇਸ ਲਈ ਜੋ ਸਾਡੇ ਜੁੱਧ ਦੇ ਸ਼ਸ਼ਤ੍ਰ ਸਰੀਰਕ ਨਹੀਂ ਸਗੋਂ **ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ** (ਜਿੱਥੇ ਅਜਗਰ ਰਹਿੰਦੇ ਹਨ) **ਦੇ ਢਾਹ ਦੇਣ** ਲਈ

ਡਾਢੇ ਤਕੜੇ ਹਨ। (5) ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ **ਢਾਹ ਦਿੰਦੇ ਹਾਂ** ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।** 2 ਕੁਰਿੰਥੀਆਂ 10:3-5

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

VIII. ਆਪਣੇ ਵਿਚਾਰਾਂ-ਖਿਆਲਾਂ ਨੂੰ ਜਾਂਚਦੇ ਰਹੋ ਅਤੇ . . .

...ਜੁਆਨੀ ਦੀਆਂ **ਕਾਮਨਾਂ** ਤੋਂ **ਭੱਜ** ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੂ ਦਾ ਨਾਮ ਲੈਂਦੇ ਹਨ **ਉਨ੍ਹਾਂ ਨਾਲ ਧਰਮ**, ਨਿਹਚਾ, ਪ੍ਰੇਮ ਅਤੇ ਮਿਲਾਪ ਦੇ **ਮਗਰ ਲੱਗਾ ਰਹੁ।** 2 ਤਿਮੋਥਿਉਸ 2:22

ਇਸ ਵਿੱਚ ਹੱਥਰਸੀ ਵੀ ਸ਼ਾਮਲ ਹੈ ਜਿਸ ਵਿੱਚ ਆਪਣੇ ਮਨ ਨੂੰ ਯੌਨ ਸੰਬੰਧਾਂ ਅਤੇ ਕਾਮ ਵਾਸਨਾ ਵਾਲੀਆਂ ਖਿਆਲੀ ਤਸਵੀਰਾਂ ਨਾਲ ਭਰਨ, ਇਨ੍ਹਾਂ ਨੂੰ ਆਪਣੇ ਮਨ ਤੇ ਉੱਕਰ ਲੈਣ ਅਤੇ ਇਨ੍ਹਾਂ ਦੇ ਵੱਸ ਕਰ ਦੇਣ ਦੀ ਲੋੜ ਹੁੰਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਹ ਕਾਮਨਾ ਦੇ ਭਾਂਬੜ ਨੂੰ ਮਚਾਈ ਰੱਖਣ ਵਾਲੇ ਤੇਲ ਦਾ ਕੰਮ ਕਰਦਾ ਹੈ ਅਤੇ ਆਖਰਕਾਰ ਇਹ ਭਾਂਬੜ ਤੁਹਾਨੂੰ ਅਤੇ ਤੁਹਾਡੇ ਜੀਵਨ ਵਿਚਲੇ ਸੱਚੇ ਪਿਆਰ ਨੂੰ ਸਾੜ ਕੇ ਭਸਮ ਕਰ ਦਿੰਦਾ ਹੈ।

ਪਰ ਹਰਾਮਕਾਰੀ ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿੱਚ **ਨਾਉਂ ਵੀ ਨਾ ਹੋਵੇ** ਜਿਵੇਂ ਸੰਤਾਂ ਨੂੰ ਜੋਗ ਹੈ। ਅਫਸੀਆਂ 5:3

ਯਹੋਵਾਹ ਦੇ **ਸਾਰੇ ਹੁਕਮ ਚੇਤੇ ਰੱਖੋ** ਅਤੇ **ਉਨ੍ਹਾਂ ਦੇ ਅਨੁਸਾਰ ਕੰਮ ਕਰੋ** ਅਤੇ ਤੁਸੀਂ ਆਪਣੇ **ਮਨਾਂ** ਅਤੇ **ਅੱਖਾਂ** ਦੀ ਲੋਚਨਾ ਅਨੁਸਾਰ **ਛਨਾਲਾ ਨਾ ਕਰੋ** ਜਿਵੇਂ ਤੁਸੀਂ ਕਰਦੇ ਆਏ ਹੋ। ਗਿਣਤੀ 15:39-40

ਜਿਹੜੇ **ਸਰੀਰਕ ਹਨ** ਉਹ ਸਰੀਰ ਦੀਆਂ **ਵਸਤਾਂ** ਉੱਤੇ ਪਰ ਜਿਹੜੇ ਆਤਮਕ ਹਨ ਉਹ ਆਤਮਾ ਦੀਆਂ **ਵਸਤਾਂ** ਉੱਤੇ **ਮਨ ਲਾਉਂਦੇ ਹਨ।** ਰੋਮੀਆਂ 8:5

**ਉਪਰੰਤ ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ ਨਾ ਕਰੇ ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੋ।** ਰੋਮੀਆਂ 6:12

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

IX. ਕਾਮਨਾ ਦੀ ਕੀਮਤ ਬਾਰੇ ਸਖਤ ਚੇਤਾਵਨੀ

(20) ਹੇ ਮੇਰੇ ਪੁੱਤ੍ਰ, ਤੂੰ **ਆਪਣੇ ਪਿਤਾ ਦੀ ਆਗਿਆ ਮੰਨ**, ਅਤੇ **ਆਪਣੀ ਮਾਤਾ ਦੀ ਤਾਲੀਮ ਨੂੰ ਨਾ ਛੱਡ।** (21) ਓਹਨਾਂ ਨੂੰ ਸਦਾ ਆਪਣੇ ਮਨ ਉੱਤੇ ਬੰਨ੍ਹੀ ਰੱਖੀਂ, ਅਤੇ ਓਹਨਾਂ ਨੂੰ ਆਪਣੇ ਗਲ ਉੱਤੇ ਲਪੇਟ ਛੱਡ। (22) ਜਦ ਤੂੰ ਕਿਤੇ ਜਾਏਂਗਾ ਤਾਂ ਓਹ **ਤੇਰੀ ਅਗਵਾਈ ਕਰਨਗੀਆਂ, ਜਦ ਤੂੰ ਲੰਮਾ ਪਵੇਂਗਾ ਤਾਂ ਓਹ ਤੇਰੀ ਰਾਖੀ ਕਰਨਗੀਆਂ**,ਅਤੇ ਜਦ ਤੂੰ ਜਾਗੇਂਗਾ ਤਾਂ ਓਹ ਤੇਰੇ ਨਾਲ **ਗੱਲਾਂ** ਕਰਨਗੀਆਂ, (23) ਕਿਉਂ ਜੋ ਹੁਕਮ ਦੀਵਾ, ਤਾਲੀਮ

ਜੋਤ, ਅਤੇ **ਸਿੱਖਿਆ ਦੀ ਤਾੜ ਜੀਉਣ ਦਾ ਰਾਹ ਹੈ।** (24) ਤਾਂ ਜੋ ਓਹ ਤੈਨੂੰ **ਬੁਰੀ ਤੀਵੀਂ** ਤੋਂ, ਅਤੇ **ਓਪਰੀ** ਦੀ ਜੀਭ ਦੀ ਲੱਲੋ ਪੱਤੋ ਤੋਂ ਬਚਾਉਣ। (25) **ਆਪਣੇ ਦਿਲ ਵਿੱਚ** ਉਹ ਦੇ ਸੁਹੱਪਣ ਦੀ **ਕਾਮਣਾ ਨਾ ਕਰ**, ਨਾ ਉਹ ਆਪਣੀਆਂ ਪਲਕਾਂ ਨਾਲ ਤੈਨੂੰ ਫਸਾ ਲਾਵੇ, (26) ਕਿਉਂ ਜੋ ਕੰਜਰੀ ਦੇ ਕਾਰਨ ਮਨੁੱਖ ਰੋਟੀ ਦੇ ਟੁਕੜੇ ਤੀਕ **ਮੁਤਾਜ** ਹੋ ਜਾਂਦਾ ਹੈ, ਅਤੇ ਵਿਭਚਾਰਨ **ਅਣਮੁੱਲ ਜਾਨ ਦਾ ਸ਼ਿਕਾਰ ਕਰਦੀ ਹੈ।** (27) **ਭਲਾ, ਕੋਈ ਮਨੁੱਖ ਆਪਣੀ ਬੁੱਕਲ ਵਿੱਚ ਅੱਗ ਲੈ ਸਕਦਾ ਹੈ, ਤੇ ਉਹ ਦੇ ਲੀੜੇ ਨਾ ਸੜਨ ?** ਕਹਾਉਤਾਂ 6

ਕਿਉਂ ਜੋ **ਪਰਮੇਸ਼ੁਰ** ਨੇ ਸਾਨੂੰ **ਪਲੀਤੀ** ਲਈ **ਨਹੀਂ** ਸਗੋਂ **ਪਵਿੱਤਰਤਾਈ ਵਿੱਚ ਸੱਦਿਆ।** ਉਪਰੰਤ ਜੋ ਕੋਈ ਇਹ ਨੂੰ **ਰੱਦਦਾ** ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ। 1 ਥੱਸਲੁਨੀਕੀਆਂ 4:7-8

ਜਿਹੜਾ ਕਿਸੇ ਤੀਵੀਂ ਨਾਲ **ਭੋਗ ਕਰਦਾ ਹੈ** ਉਹ ਨਿਰਬੁੱਧ ਹੈ, ਜਿਹੜਾ ਇਹ ਕਰਦਾ ਹੈ, **ਉਹ ਆਪਣੀ ਜਾਨ ਦਾ ਨਾਸ ਕਰਦਾ ਹੈ।** ਉਹ ਨੂੰ **ਘਾਉ** ਅਤੇ **ਬੇਇੱਜਤੀ** ਹੋਵੇਗੀ, ਤੇ ਉਹ ਦੀ ਬਦਨਾਮੀ ਕਦੇ ਨਾ ਮਿਟੇਗੀ।

ਕਹਾਉਤਾਂ 6:32-33 TLB

(ਵਿਭਚਾਰ ਸ਼ਬਦ ਦਾ ਅਰਥ ਹੈ "ਨੇਮ ਤੋੜਨਾ" ਸਰੀਰਕ ਜਾਂ ਯੌਨ ਸੰਬੰਧ ਇੱਕ ਨੇਮ ਕਾਇਮ ਕਰਨ ਵਾਲਾ ਕੰਮ ਜਾਂ ਕਿਰਿਆ ਹੈ ਅਤੇ ਇਸ ਕਰਕੇ ਵਿਭਚਾਰ ਸ਼ਬਦ ਹਰੇਕ ਉਸ ਸਰੀਰਕ ਸੰਬੰਧ ਦਾ ਹਵਾਲਾ ਹੈ ਜੋ ਆਪਣੇ ਜੀਵਨ ਸਾਥੀ ਤੋਂ ਇਲਾਵਾ ਕਿਸੇ ਦੂਸਰੇ ਨਾਲ ਕਾਇਮ ਕੀਤਾ ਜਾਂਦਾ ਹੈ)

## X. ਤੁਹਾਡੇ ਅੱਜ ਦੇ ਫੈਸਲਿਆਂ ਦਾ ਅਸਰ ਤੁਹਾਡੇ ਕੱਲ੍ਹ ਉੱਤੇ ਪਵੇਗਾ

ਜੇਕਰ ਤੁਸੀਂ ਆਪਣਾ ਹੱਥ ਅੱਗ ਵਿੱਚ ਪਾਉਂਦੇ ਹੋ ਤਾਂ ਤੁਹਾਨੂੰ ਤੁਰੰਤ ਭਿਆਨਕ ਦਰਦ ਮਹਿਸੂਸ ਹੋਵੇਗਾ। ਹਰ ਕੋਈ ਇਹ ਜਾਣਦਾ ਹੈ ਅਤੇ ਧਿਆਨ ਰੱਖਦਾ ਹੈ ਕਿ ਉਹ ਸੜਨ ਤੋਂ ਬਚੇ। ਪਰ **ਪਾਪ ਦਾ ਪ੍ਰੋਗਰਾਮ ਵੱਖਰਾ ਹੈ** ਅਤੇ ਇਸ ਦੇ ਨਤੀਜੇ ਤੁਰੰਤ ਵਿਖਾਈ ਨਹੀਂ ਦਿੰਦੇ – **ਪਰ ਇਹ ਪੱਕਾ ਹੈ ਕਿ ਨਤੀਜੇ ਹੋਣਗੇ ਜ਼ਰੂਰ।**

- ਮੂਸਾ ਨੇ ਸਹੀ ਫ਼ੈਸਲਾ ਕੀਤਾ: ਕਿਉਂ ਜੋ ਉਸ ਨੇ **ਭੋਗ ਬਿਲਾਸ ਨਾਲੋਂ ਜੋ ਥੋੜੇ ਚਿਰ** ਲਈ ਹੈ ਪਰਮੇਸ਼ੁਰ ਦੀ ਪਰਜਾ ਨਾਲ ਜਬਰੀ ਝੱਲਣ ਨੂੰ ਬਾਹਲਾ ਪਸੰਦ ਕੀਤਾ। ਇਬਰਾਨੀਆਂ 11:25

**ਧਿਆਨ ਦਿਓ ਕਿ ਪਾਪ ਦਾ ਅਨੰਦ ਥੋੜੇ ਚਿਰ ਲਈ ਹੁੰਦਾ ਹੈ।**

**ਤੁਹਾਨੂੰ ਵੀ ਸਹੀ ਫ਼ੈਸਲਾ ਕਰਨ ਦੀ ਲੋੜ ਹੈ, ਨਹੀਂ ਤਾਂ:**

- ਮੈਂ **ਮੂਰਖ ਨੂੰ ਜੜ੍ਹ ਫੜਦੇ ਵੇਖਿਆ**, ਪਰ ਮੈਂ **ਅਚਾਣਚੱਕ ਉਹ ਦੇ ਵਸੇਬੇ ਨੂੰ ਧਿਤਕਾਰਿਆ।** ਅੱਯੂਬ 5:3

- **ਭਈ** ਤੁਹਾਡਾ ਪਾਪ ਤੁਹਾਡੇ ਉੱਤੇ ਆ **ਪਵੇਗਾ।** ਗਿਣਤੀ 32:23 ਇਹ ਆਇਤ ਮੂੰਹਜ਼ਬਾਨੀ ਯਾਦ ਕਰਨ ਲਈ ਅਤੇ ਤੁਹਾਨੂੰ ਬਾਰ-ਬਾਰ ਚੇਤਾ ਕਰਾਉਣ ਲਈ ਇੱਕ ਚੰਗੀ ਆਇਤ ਹੈ।

**ਤੁਸੀਂ ਧੋਖਾ ਨਾ ਖਾਓ,** ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ **ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।** (8) ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ **ਬਿਨਾਸ ਨੂੰ ਵੱਢੇਗਾ** ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ **ਸਦੀਪਕ ਜੀਵਨ ਨੂੰ ਵੱਢੇਗਾ**। (9) ਅਤੇ ਭਲਿਆਈ ਕਰਦਿਆਂ **ਅਸੀਂ** ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ **ਵੱਢਾਂਗੇ।** ਗਲਾਤੀਆਂ 6:7-10

ਤੁਸੀਂ ਧੋਖਾ ਨਾ ਖਾਓ, **ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।** ਗਲਾਤੀਆਂ 6:7-10

---

## XI. ਇਸ ਲਈ: ਆਪਣੇ ਮਿੱਤਰ ਸਾਵਧਾਨੀ ਨਾਲ ਚੁਣੋ

ਉਨ੍ਹਾਂ ਨੇ **ਸੁੰਨ ਹੋ ਕੇ** ਆਪਣੇ ਆਪ ਨੂੰ **ਲੁੱਚਪੁਣੇ** ਦੇ ਹੱਥ ਸੌਂਪ ਦਿੱਤਾ ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੋਪ ਨਾਲ ਕਰਨ। ਅਫਸੀਆਂ 4:19

ਕਿਉਂ ਜੋ ਓਹ ਵੱਡੀਆਂ ਵੱਡੀਆਂ **ਫੋਕੀਆਂ ਗੱਪਾਂ** ਮਾਰ ਕੇ ਉਨ੍ਹਾਂ ਨੂੰ ਜਿਹੜੇ ਭੁੱਲਿਆਂ ਹੋਇਆਂ ਤੋਂ ਹੁਣੇ ਬਚ ਕੇ ਨਿੱਕਲਣ ਲੱਗੇ ਹਨ **ਲੁੱਚਪੁਣੇ ਨਾਲ ਸਰੀਰ ਦੀਆਂ ਕਾਮਨਾਂ** (ਟੈਲੀਵਿਜ਼ਨ, ਫਿਲਮਾਂ ਅਤੇ ਅਸ਼ਲੀਲ ਸਮੱਗਰੀ [ਪੋਰਨੋਗ੍ਰਾਫੀ] ਇਹੋ ਕਰਦੇ ਹਨ) ਵੱਲ **ਭੁਚਲਾ** ਲੈਂਦੇ ਹਨ। 2 ਪਤਰਸ 2:18

ਕਿਉਂਕਿ **ਬੁਰੇ ਖ਼ਿਆਲ**, ਖ਼ੂਨ, **ਜਨਾਕਾਰੀਆਂ**, **ਹਰਾਮਕਾਰੀਆਂ**, ਚੋਰੀਆਂ, ਝੂਠੀਆਂ ਉਗਾਹੀਆਂ, ਕੁਫ਼ਰ **ਦਿਲ ਵਿੱਚੋਂ** ਨਿੱਕਲਦੇ ਹਨ। (20) **ਏਹੋ ਗੱਲਾਂ ਹਨ ਜਿਹੜੀਆਂ ਮਨੁੱਖ ਨੂੰ ਭ੍ਰਿਸ਼ਟ ਕਰਦੀਆਂ ਹਨ** ਮੱਤੀ 15:19-20

ਪਰ ਹੁਣ ਤਾਂ ਤੁਹਾਨੂੰ ਇਹ ਲਿਖਿਆ ਕਿ ਜੇ **ਕੋਈ** ਭਰਾ ਸਦਾ ਕੇ **ਹਰਾਮਕਾਰ** ਯਾ ਲੋਭੀ ਯਾ ਮੂਰਤੀ ਪੂਜਕ ਯਾ ਗਾਲਾਂ ਕੱਢਣ ਵਾਲਾ, ਸ਼ਰਾਬੀ ਅਥਵਾ ਲੁਟੇਰਾ ਹੋਵੇ ਤਾਂ ਉਹ ਦੀ **ਸੰਗਤ ਨਾ ਕਰਨੀ** ਸਗੋਂ ਇਹੋ ਜਿਹੇ ਨਾਲ ਰੋਟੀ ਵੀ ਨਾ ਖਾਣੀ। 1 ਕੁਰਿੰਥੀਆਂ 5:11

ਪਰ ਜੁਆਨੀ ਦੀਆਂ ਕਾਮਨਾਂ ਤੋਂ **ਭੱਜ** ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੁ ਦਾ ਨਾਮ ਲੈਂਦੇ ਹਨ **ਉਨ੍ਹਾਂ ਨਾਲ** ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ **ਮਗਰ ਲੱਗਾ ਰਹੁ**। 2 ਤਿਮੋਥਿਉਸ 2:22

ਅਤੇ ਨਾ ਅਸੀਂ **ਹਰਾਮਕਾਰੀ ਕਰੀਏ** ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ **ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ।** 1 ਕੁਰਿੰਥੀਆਂ 10:8

- ਉਹ ਗਲਤ ਆਗੂ ਦੇ ਮਗਰ ਚੱਲ ਰਹੇ ਸਨ।

- ਭੀੜ ਦੇ ਮਗਰ ਹੀ ਨਾ ਲੱਗ ਜਾਓ।

ਤੁਸੀਂ ਬੇਪਰਤੀਤਿਆਂ ਨਾਲ **ਅਣਸਾਵੇਂ ਨਾ ਜੁੱਤੋ** ਕਿਉਂ ਜੋ ਧਰਮ ਅਤੇ **ਕੁਧਰਮ** ਵਿੱਚ ਕੀ ਸਾਂਝ ਹੈ? ਯਾ ਚਾਨਣ ਦਾ ਅਨ੍ਹੇਰੇ ਨਾਲ ਕੀ ਮੇਲ ਹੈ? (15) ਅਤੇ ਮਸੀਹ ਦਾ ਬਲਿਆਲ ਦੇ ਨਾਲ ਕੀ ਮਿਲਾਪ ਹੈ ਅਥਵਾ ਪਰਤੀਤਵਾਨ ਦਾ ਬੇਪਰਤੀਤੇ ਨਾਲ **ਕੀ** ਹਿੱਸਾ ਹੈ? (16) ਅਤੇ ਪਰਮੇਸ਼ਰ ਦੀ ਹੈਕਲ ਨੂੰ ਮੂਰਤੀਆਂ ਨਾਲ **ਕੀ ਵਾਸਤਾ** ਹੈ? ਅਸੀਂ ਤਾਂ ਜੀਉਂਦੇ **ਪਰਮੇਸ਼ਰ ਦੀ ਹੈਕਲ ਹਾਂ** ਜਿਵੇਂ ਪਰਮੇਸ਼ਰ ਨੇ ਬਚਨ ਕੀਤਾ-ਮੈਂ ਓਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, ਮੈਂ ਓਹਨਾਂ ਦਾ ਪਰਮੇਸ਼ਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। (17) ਇਸ ਲਈ **ਉਨ੍ਹਾਂ ਵਿੱਚੋਂ ਨਿੱਕਲ ਆਓ, ਅਤੇ ਅੱਡ ਹੋਵੋ, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ,** ਮੈਂ ਤੁਹਾਨੂੰ ਕਬੂਲ ਕਰ ਲਵਾਂਗਾ, (18) ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ। 1 ਕੁਰਿੰਥੀਆਂ 6:14-18

ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ **ਸਰੀਰ ਦੀ ਕਾਮਨਾ** ਅਤੇ **ਨੇਤਰਾਂ** ਦੀ **ਕਾਮਨਾ** ਅਤੇ ਜੀਵਨ ਦਾ **ਅਭਮਾਨ** ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। 1 ਯੂਹੰਨਾ 2:16

ਹੇ ਪਿਆਰਿਓ, **ਅਸੀਂ** ਹੁਣ **ਪਰਮੇਸ਼ਰ ਦੇ ਬਾਲਕ ਹਾਂ**....ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ.......(3) ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ **ਆਪਣੇ ਆਪ ਨੂੰ ਪਵਿੱਤਰ ਕਰਦਾ ਹੈ** ਜਿਵੇਂ ਉਹ ਪਵਿੱਤਰ ਹੈ। 1 ਯੂਹੰਨਾ 3:2-3

## XII. ਆਪਣੀਆਂ ਹੱਦਾਂ ਤੈਅ ਕਰੋ

ਇੱਕ ਪਰਬਤਾਰੋਹੀ ਨੇ ਜਦੋਂ ਪਹਾੜ ਚੜ੍ਹਦੇ ਸਮੇਂ ਕਿਸੇ ਤਿੱਖੀ ਚੱਟਾਨ ਨੂੰ ਪਾਰ ਕਰਨਾ ਹੁੰਦਾ ਹੈ ਤਾਂ ਜ਼ਰੂਰੀ ਹੈ ਕਿ ਉਹ ਰੱਸੀ ਦੀਆਂ ਕਿੱਲੀਆਂ ਨੂੰ ਚੱਟਾਨ ਵਿੱਚ ਮਜਬੂਤੀ ਨਾਲ ਠੋਕੇ, ਨਹੀਂ ਤਾਂ ਉਹ ਹੇਠਾਂ ਡਿੱਗ ਪਵੇਗਾ ਅਤੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਵੇਗਾ। ਇਸੇ ਤਰ੍ਹਾਂ ਸਾਨੂੰ ਵੀ ਫ਼ੈਸਲਾ ਕਰਨਾ ਹੈ ਕਿ ਅਸੀਂ ਆਪਣੀ ਚੱਟਾਨ ਨਾਲ **ਮਜਬੂਤੀ ਨਾਲ ਜੁੜੇ ਹੋਈਏ** (ਜ਼ਬੂਰਾਂ ਦੀ ਪੋਥੀ 89:26) ਨਹੀਂ ਤਾਂ ਅਸੀਂ **ਅਜਗਰ ਦੇ ਪਰਤਾਵੇ** ਦੀ ਤਿੱਖੀ ਅਤੇ ਖਤਰਨਾਕ ਖੱਡ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਹੋਏ ਹੇਠਾਂ ਡਿੱਗ ਪਵਾਂਗੇ ਅਤੇ ਆਪਣੇ ਆਪ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਬੈਠਾਂਗੇ।

ਜਿਵੇਂ ਦੁਸ਼ਮਣ ਨੇ ਯਿਸੂ ਨੂੰ ਪਰਤਾਇਆ, ਉਸੇ ਤਰ੍ਹਾਂ ਉਹ ਤੁਹਾਨੂੰ ਵੀ ਆਪਣੇ ਨੀਚ ਤਰਕ ਦੇ ਕੇ ਪਰਤਾਵੇਗਾ, ਜਿਵੇਂ ਕਿ:

1. ਇਹ ਸਹੀ ਹੈ ਕਿਉਂਕਿ ਤੂੰ ਉਸ ਨੂੰ ਸੱਚਾ ਪਿਆਰ ਕਰਦਾ ਹੈਂ। ਉਸ ਨਾਲ ਵਿਆਹ ਤਾਂ ਤੂੰ ਕਰਾਉਣਾ ਹੀ ਹੈ।

2. ਵਿਆਹ ਤੱਕ ਕਿਉਂ ਉਡੀਕੀਏ? ਅਸੀਂ ਦਿਲੋਂ ਪਹਿਲਾਂ ਹੀ ਵਿਆਹੇ ਹੋਏ ਹਾਂ।

3. ਵਿਆਹ ਤਾਂ ਬੱਸ ਇੱਕ ਕਾਗਜ਼ ਦਾ ਟੁਕੜਾ ਹੈ। ਸੋ ਆਪਣੇ ਵਿਵੇਕ ਨੂੰ ਸਾਫ਼ ਰੱਖਣ ਅਤੇ ਆਪਣੀਆਂ ਦਲੀਲਾਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਦੇ ਇਸੇ ਤਰ੍ਹਾਂ ਦੇ ਵਿਚਾਰ ਅਤੇ ਤਰਕ ਚੱਲਦੇ ਰਹਿੰਦੇ ਹਨ।

**ਨਹੀਂ**! ਬਾਈਬਲ ਸਿਖਾਉਂਦੀ ਹੈ ਹੈ ਕਿ ਵਿ**ਆਹ ਇੱਕ ਨੇਮ ਵਾਲਾ ਸਮਰਪਣ ਹੈ** ਜਿਸ ਵਿੱਚ ਇੱਕ ਦੂਸਰੇ ਨਾਲ ਵਫ਼ਾਦਾਰੀ ਦੀਆਂ **ਸੌਹਾਂ** ਖਾਧੀਆਂ ਜਾਂਦੀਆਂ ਹਨ ਅਤੇ ਫਿਰ **ਵਿਆਹ ਦੇ ਨਿਯਮ ਦੁਆਰਾ ਦੋਹਾਂ ਦੇ ਇੱਕ ਹੋ ਜਾਣ ਰਾਹੀਂ ਇਹ ਨੇਮ ਪੂਰਾ ਕੀਤਾ ਜਾਂਦਾ ਹੈ** ਜੋ ਕਿ **ਲਹੂ ਦਾ ਨੇਮ ਹੈ।** ਪਰਮੇਸ਼ੁਰ ਦੀ ਨਿਗਾਹ ਵਿੱਚ ਇਹ **ਬਹੁਤ-ਬਹੁਤ ਹੀ ਪਵਿੱਤਰ** ਹੈ ਅਤੇ ਸਾਡੀ ਨਿਗਾਹ ਵਿੱਚ ਵੀ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ।

ਮੁੱਢ ਤੋਂ ਪਰਮੇਸ਼ੁਰ ਨੇ ਕਿਹਾ: ਉਤਪਤ 2:24 ਸੋ ਪੁਰਸ਼ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ **ਓਹ ਇੱਕ ਸਰੀਰ ਹੋਣਗੇ।**

- ਸਰੀਰਕ ਜਾਂ ਯੌਨ ਸੰਬੰਧ ਦੁਆਰਾ ਦੋ ਅਲੱਗ-ਅਲੱਗ ਵਿਅਕਤੀ "ਇੱਕ" ਹੋ ਜਾਂਦੇ ਹਨ – ਜੋੜੇ ਜਾਂਦੇ ਹਨ, ਇੱਕ ਬੰਧਨ ਵਿੱਚ ਬੱਝਦੇ ਹਨ, ਇੱਕ ਦੂਸਰੇ ਨਾਲ ਬੰਨ੍ਹੇ ਜਾਂਦੇ ਹਨ, ਜਿਸ ਨੂੰ ਕਿ "ਆਤਮਾਵਾਂ ਦਾ ਮੇਲ" ਕਿਹਾ ਜਾ ਸਕਦਾ ਹੈ। ਜਦੋਂ ਇੱਕ ਤੋਂ ਜਿਆਦਾ ਵਿਅਕਤੀਆਂ ਨਾਲ ਸਰੀਰਕ ਸੰਬੰਧ ਬਣਾਇਆ ਜਾਂਦਾ ਹੈ ਤਾਂ ਬੰਧਨ ਜਾਂ "ਆਤਮਾਵਾਂ ਦਾ ਮੇਲ" ਹਰੇਕ ਨਾਲ ਵੰਡਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਵਿਆਹ ਦੀ ਏਕਤਾ ਜਾਂ ਬੰਧਨ ਹੌਲਾ ਅਤੇ ਕਮਜ਼ੋਰ ਪੈ ਜਾਂਦਾ ਹੈ ਅਤੇ ਵਿਆਹ ਦਾ ਸੰਬੰਧ ਉਸ ਤਰ੍ਹਾਂ ਦਾ ਨਹੀਂ ਰਹਿ ਜਾਂਦਾ ਜਿਸ ਤਰ੍ਹਾਂ ਦਾ ਪਰਮੇਸ਼ੁਰ ਚਾਹੁੰਦਾ ਹੈ ਕਿ ਇਹ ਹੋਵੇ।

## ਇੱਕ ਲਕੀਰ ਖਿੱਚੋ! ਹੱਦ ਪਾਰ ਕਰਕੇ ਅਜਗਰ ਦੇ ਇਲਾਕੇ ਵਿੱਚ ਨਾ ਜਾਓ। ਇੱਕ ਦ੍ਰਿੜ ਫੈਸਲਾ ਲਵੋ ਅਤੇ ਇਸ ਉੱਤੇ ਕਾਇਮ ਰਹੋ।

**ਨਿਹਚਾ ਦੀ ਚੰਗੀ ਲੜਾਈ ਲੜ**, ਸਦੀਪਕ ਜੀਵਨ ਨੂੰ ਫੜ ਜਿਹ ਦੇ ਲਈ ਤੂੰ ਸੱਦਿਆ ਗਿਆ ਅਤੇ ਤੈਂ ਬਹੁਤਿਆਂ ਗਵਾਹਾਂ ਦੇ ਅੱਗੇ ਪੱਕਾ ਕਰਾਰ ਕੀਤਾ ਸੀ। (13) **ਮੈਂ** ਪਰਮੇਸ਼ਰ ਦੇ ਸਾਹਮਣੇ **ਤਗੀਦ ਕਰਦਾ ਹਾਂ** . . . (14) ਭਈ **ਤੂੰ** ਸਾਡੇ ਪ੍ਰਭੁ ਯਿਸੂ ਮਸੀਹ ਦੇ ਪਰਕਾਸ਼ ਹੋਣ ਤੀਕ ਆਪਣੇ **ਫ਼ਰਜ਼** ਨੂੰ ਸਾਫ਼ ਅਤੇ ਬੇਬੱਜ ਕਰਕੇ **ਰੱਖ**। 1 ਤਿਮੋਥਿਉਸ 6:12-15

ਅਤੇ ਜੇ ਤੁਹਾਡੀ ਨਿਗਾਹ ਵਿੱਚ ਯਹੋਵਾਹ ਦੀ ਉਪਾਸਨਾ ਬੁਰੀ ਹੈ ਤਾਂ **ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ;** ਭਾਵੇਂ ਓਹ ਦੇਵਤੇ ਜਿਨ੍ਹਾਂ ਦੀ ਤੁਹਾਡੇ ਪਿਉ ਦਾਦੇ ਜਦ ਓਹ ਦਰਿਆ ਪਾਰ ਸਨ ਉਪਾਸਨਾ ਕਰਦੇ ਸਨ, ਭਾਵੇਂ ਅਮੋਰੀਆਂ ਦੇ **ਦੇਵਤਿਆਂ** ਦੀ **ਜਿਨ੍ਹਾਂ ਦੇ ਦੇਸ ਵਿੱਚ ਤੁਸੀਂ ਵੱਸਦੇ ਹੋ** ਪਰ **ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।** (16) ਤਾਂ ਪਰਜਾ ਨੇ ਉੱਤਰ ਦਿੱਤਾ ਕਿ ਏਹ ਸਾਥੋਂ ਦੂਰ ਰਹੇ ਜੋ ਅਸੀਂ ਯਹੋਵਾਹ ਨੂੰ ਛੱਡ ਕੇ ਦੂਜੇ ਦੇਵਤਿਆਂ ਦੀ ਉਪਾਸਨਾ ਕਰੀਏ! ਯਹੋਸ਼ੁਆ 24:15-16

ਦਾਊਦ ਨੂੰ **ਮੈਂ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ।**
ਰਸੂਲਾਂ ਦੇ ਕਰਤੱਬ 13:22-23

ਵਿਭਚਾਰ ਦੀ ਇੱਕ **ਵੱਡੀ ਕੀਮਤ** ਚੁਕਾਉਣ ਤੋਂ ਬਾਅਦ ਦਾਊਦ ਨੇ ਇੱਕ ਦ੍ਰਿੜ ਫੈਸਲਾ ਲਿਆ ਅਤੇ ਆਪਣੇ ਲਈ ਹੱਦਾਂ ਤੈਅ ਕਰਦੇ ਹੋਏ ਇੱਕ ਲਕੀਰ ਖਿੱਚੀ ਜਿਸ ਨੂੰ ਉਸ ਨੇ ਫਿਰ **ਕਦੇ** ਪਾਰ **ਨਹੀਂ** ਕੀਤਾ। **ਇਹ ਹੈ ਜੋ ਦਾਊਦ ਨੇ ਕਿਹਾ ਅਤੇ ਕੀਤਾ:**

**ਧੰਨ** ਓਹ ਹਨ ਜਿਹੜੇ **ਪਰਮ ਚਾਲ** ਹਨ, ਜਿਹੜੇ ਯਹੋਵਾਹ ਦੀ ਬਿਵਸਥਾ ਉੱਤੇ ਚੱਲਦੇ ਹਨ! (2) ਧੰਨ ਓਹ ਹਨ ਜਿਹੜੇ ਉਹ ਦੀਆਂ ਸਾਖੀਆਂ ਨੂੰ **ਮੰਨਦੇ**, ਅਤੇ **ਮਨੋਂ ਤਨੋਂ ਉਹ ਨੂੰ ਭਾਲਦੇ ਹਨ!** (3) ਓਹ ਤਾਂ **ਬਦੀ ਨਹੀਂ ਕਰਦੇ**, ਓਹ **ਉਸ ਦੇ ਰਾਹਾਂ ਵਿੱਚ ਚੱਲਦੇ ਹਨ।** ਜ਼ਬੂਰਾਂ ਦੀ ਪੋਥੀ 119:1-3

**ਮੈਂ ਵਫ਼ਾਦਾਰੀ ਦਾ ਰਾਹ ਚੁਣ ਲਿਆ ਹੈ, ਮੈਂ** ਤੇਰਿਆਂ ਨਿਆਵਾਂ ਨੂੰ ਆਪਣੇ ਸਨਮੁਖ ਰੱਖਿਆ। ਜ਼ਬੂਰਾਂ ਦੀ ਪੋਥੀ 119:30

**ਮੈਂ ਆਪਣੇ ਚਾਲ ਚਲਣ ਨੂੰ ਸੋਚਿਆ, ਅਤੇ ਆਪਣੇ ਪੈਰ ਤੇਰੀਆਂ ਸਾਖੀਆਂ ਵੱਲ ਫੇਰੇ ਹਨ।**
ਜ਼ਬੂਰਾਂ ਦੀ ਪੋਥੀ 119:59

**ਮੈਂ ਉਨ੍ਹਾਂ ਸਾਰਿਆਂ ਦਾ ਸਾਥੀ ਹਾਂ ਜਿਹੜੇ ਤੇਰਾ ਭੈ ਰੱਖਦੇ ਹਨ, ਅਤੇ ਤੇਰੇ ਫ਼ਰਾਮਾਨਾਂ ਦੀ ਪਾਲਨਾ ਕਰਦੇ ਹਨ।** ਜ਼ਬੂਰਾਂ ਦੀ ਪੋਥੀ 119:63

**ਮੈਂ ਆਪਣੇ ਪੈਰਾਂ ਨੂੰ ਹਰ ਬੁਰੇ ਮਾਰਗ ਤੋਂ ਰੋਕ ਰੱਖਿਆ ਹੈ,** ਤਾਂ ਜੋ **ਮੈਂ ਤੇਰੇ ਬਚਨ ਦੀ ਪਾਲਨਾ ਕਰਾਂ।** ਜ਼ਬੂਰਾਂ ਦੀ ਪੋਥੀ 119:101

**ਹੇ ਬਦਕਾਰੋ, ਮੇਰੇ ਕੋਲੋਂ ਦੂਰ ਹੋਵੋ**, ਭਈ ਮੈਂ ਆਪਣੇ ਪਰਮੇਸ਼ਰ ਦੇ ਹੁਕਮਾਂ ਨੂੰ ਮੰਨਾਂ! ਜ਼ਬੂਰਾਂ ਦੀ ਪੋਥੀ 119:115

**ਮੈਂ** ਪੂਰੇ ਰਾਹ ਵਿੱਚ **ਸਿਆਣਾ** ਬਣ ਕੇ ਚੱਲਾਂਗਾ, ਤੂੰ ਮੇਰੇ ਕੋਲ ਕਦੋਂ ਆਵੇਂਗਾ? ਮੈਂ ਆਪਣੇ ਘਰ ਵਿੱਚ ਪੂਰੇ ਮਨ ਨਾਲ ਫਿਰਾਂਗਾ। **ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ**, ਫਿਰਤੂਆਂ ਦੀ ਕਰਤੂਤ ਤੋਂ **ਮੈਨੂੰ ਘਿਣ** ਹੈ, ਉਹ **ਮੈਨੂੰ** ਨਾ ਚੰਬੜੇਗੀ। ਮਨ ਦਾ ਕੱਬਪੁਣਾ ਮੈਥੋਂ **ਦੂਰ ਰਹੇਗਾ**, **ਮੈਂ ਬੁਰਿਆਈ ਨੂੰ ਨਾ ਜਾਣਾਂਗਾ।** ਜ਼ਬੂਰਾਂ ਦੀ ਪੋਥੀ 101:2-4

## XIII. ਪ੍ਰਭੂ ਸਾਨੂੰ ਅਨੁਸ਼ਾਸਨ ਸਿਖਾਵੇਗਾ

ਇਬਰਾਨੀਆਂ 12:5-8, 9-11 ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਹੋ ਜਿਸ ਤੋਂ ਤੁਹਾਨੂੰ ਪੁੱਤਰਾਂ ਵਾਂਙੁ ਸਮਝਾਈਦਾ ਹੈ,-**ਹੇ ਮੇਰੇ ਪੁੱਤਰ**, ਤੂੰ **ਪ੍ਰਭੂ ਦੀ ਤਾੜ** ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, (6) ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ। (7) ਤੁਸੀਂ **ਸਹਾਰਾ** ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। **ਪਰਮੇਸ਼ਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰਾਂ ਨਾਲ**, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ? (9) ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? (10) ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ **ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ।** (11) ਸਾਰੀ ਤਾੜਨਾ ਤਾਂ ਉਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ **ਮਗਰੋਂ** ਉਹ ਓਹਨਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ **ਧਰਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ।**

ਤਦ ਮੈਂ ਆਪਣੇ ਮਨ ਵਿੱਚ ਆਖਿਆ ਭਈ **ਪਰਮੇਸ਼ਰ ਧਰਮੀਆਂ ਅਤੇ ਦੁਸ਼ਟਾਂ ਦਾ ਨਿਆਉਂ ਕਰੇਗਾ** ਕਿਉਂ ਜੋ ਇੱਕ ਇੱਕ ਗੱਲ ਦਾ ਅਤੇ ਇੱਕ ਇੱਕ ਕੰਮ ਦਾ ਇੱਕ ਵੇਲਾ ਹੈ। ਉਪਦੇਸ਼ਕ 3:17

ਮੈਂ ਓਹਨਾਂ ਵਿੱਚੋਂ ਬਾਹਲਿਆਂ ਦੇ ਲਈ ਸੋਗ ਕਰਾਂ ਜਿਨ੍ਹਾਂ ਨੇ ਅੱਗੇ ਪਾਪ ਕੀਤਾ ਹੈ **ਅਤੇ** ਮੁੜ ਆਪਣੇ **ਗੰਦ ਮੰਦ** ਅਤੇ **ਹਰਾਮਕਾਰੀ** ਅਤੇ **ਲੁੱਚਪੁਣੇ** ਤੋਂ **ਤੋਬਾ ਨਾ ਕੀਤੀ** ਹੋਵੇ। 2 ਕੁਰਿੰਥੀਆਂ 12:21

ਐਡੇ ਹੰਕਾਰ ਦੀਆਂ ਗੱਲਾਂ ਹੋਰ ਨਾ ਆਖ, ਅਤੇ ਆਕੜ ਦੀ ਗੱਲ ਤੇਰੇ ਮੂੰਹੋਂ ਨਾ ਨਿੱਕਲੇ, **ਯਹੋਵਾਹ ਤਾਂ ਗਿਆਨ ਦਾ ਪਰਮੇਸ਼ਰ ਹੈ, ਅਤੇ ਕਰਨੀਆਂ ਉਸ ਤੋਂ ਤੋਲੀਆਂ ਜਾਂਦੀਆਂ ਹਨ।** 1 ਸਮੂਏਲ 2:3

ਕਿਉਂ ਜੋ **ਤੁਸੀਂ** ਇਸ ਗੱਲ ਨੂੰ **ਪੱਕ ਜਾਣਦੇ ਹੋ** ਭਈ ਕਿਸੇ **ਹਰਾਮਕਾਰ** ਯਾ **ਭ੍ਰਿਸ਼ਟ** ਯਾ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ **ਪਰਮੇਸ਼ਰ ਦੇ ਰਾਜ ਵਿੱਚ ਅਧਕਾਰ** ਨਹੀਂ। ਅਫਸੀਆਂ 5:5

**ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ**। ਉਹ ਏਹ ਹਨ-ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, (20) ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜੀਆਂ, ਫੁੱਟਾਂ, ਬਿਦਤਾਂ, (21) ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ

ਇਹੋ ਜਿਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ **ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਹ ਪਰਮੇਸ਼ਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।** ਗਲਾਤੀਆਂ 5:19-21 NLT

**ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ ਅਰਥਾਤ ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ।** (6) **ਕਿਉਂ ਜੋ ਇਨ੍ਹਾਂ ਗੱਲਾਂ ਦੇ ਕਾਰਨ ਪਰਮੇਸ਼ਰ ਦਾ ਕ੍ਰੋਧ ਅਣਆਗਿਆਕਾਰੀ ਦੇ ਪੁੱਤਰਾਂ ਉੱਤੇ ਪੈਂਦਾ ਹੈ।** (7) ਜਿਨ੍ਹਾਂ ਦੇ ਰਾਹ ਤੁਸੀਂ ਵੀ ਅੱਗੇ ਚੱਲਦੇ ਸਾਓ ਜਿਸ ਵੇਲੇ ਉਨ੍ਹਾਂ ਵਿੱਚ ਜੀਉਂਦੇ ਸਾਓ। (8) ਪਰ ਹੁਣ ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਰਥਾਤ ਕੋਪ, ਕ੍ਰੋਧ, ਬਦੀ, ਦੁਰਬਚਨ, ਅਤੇ ਆਪਣੇ ਮੂੰਹੋਂ ਗੰਦੀਆਂ ਗਾਲਾਂ ਕੱਢਣੀਆਂ **ਛੱਡ ਦਿਓ।** (9) ਇੱਕ ਦੂਏ ਨਾਲ ਝੂਠ ਨਾ ਮਾਰੋ ਕਿਉਂ ਜੋ ਤੁਸਾਂ **ਪੁਰਾਣੀ ਇਨਸਾਨੀਅਤ ਨੂੰ ਉਹ ਦੀਆਂ ਕਰਨੀਆਂ ਸਣੇ ਲਾਹ ਸੁੱਟਿਆ।** (10) **ਅਤੇ ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ।** ਕੁਲੁੱਸੀਆਂ 3:5-11 NLT

ਅਥਵਾ ਤੁਸੀਂ ਨਹੀਂ ਜਾਣਦੇ ਜੋ **ਕੁਧਰਮੀ ਲੋਕ ਪਰਮੇਸ਼ਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ**? ਧੋਖਾ ਨਾ ਖਾਓ, ਨਾ **ਹਰਾਮਕਾਰ**, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ, (10) ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ **ਪਰਮੇਸ਼ਰ ਦੇ ਰਾਜ ਦੇ ਅਧਕਾਰੀ ਹੋਣਗੇ।** 1 ਕੁਰਿੰਥੀਆਂ 6:9-10

## XIV. ਪਰਮੇਸ਼ੁਰ ਤੁਹਾਡੇ ਲਈ ਉੱਤਮ ਚਾਹੁੰਦਾ ਹੈ

ਪਰੰਤੂ ਪਰਮੇਸ਼ਰ **ਆਪਣਾ ਪ੍ਰੇਮ ਸਾਡੇ ਉੱਤੇ** ਇਉਂ **ਪਰਗਟ ਕਰਦਾ ਹੈ** ਭਈ ਜਾਂ **ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।** (9) ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵੱਧ ਕੇ **ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ।** (10) ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ **ਅਸੀਂ** ਇਸ ਨਾਲੋਂ ਬਹੁਤ ਵੱਧ ਕੇ **ਉਹ ਦੇ ਜੀਵਨ ਦੁਆਰਾ ਬਚ ਜਾਵਾਂਗੇ।** ਰੋਮੀਆਂ 5:8-11

...ਉਹ ਜੋ **ਤੇਰਾ ਸਿਰਜਣਹਾਰ** ਹੈ, ਯਹੋਵਾਹ ਹੁਣ ਇਉਂ ਆਖਦਾ ਹੈ, **ਨਾ ਡਰ, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ, ਮੈਂ ਤੇਰਾ ਨਾਉਂ ਲੈ ਕੇ ਤੈਨੂੰ ਜੋ ਬੁਲਾਇਆ ਹੈ, ਤੂੰ ਮੇਰਾ ਹੈਂ।** (2) ਜਦ ਤੂੰ ਪਾਣੀਆਂ ਦੇ ਵਿੱਚੋਂ ਦੀ ਲੰਘੇਂਗਾ, **ਮੈਂ ਤੇਰੇ ਅੰਗ ਸੰਗ ਹੋਵਾਂਗਾ**, ਅਤੇ ਜਦ ਨਦੀਆਂ ਦੇ ਵਿੱਚੋਂ ਦੀ, **ਓਹ ਤੈਨੂੰ ਨਾ ਡਬੋਣਗੀਆਂ**, ਜਦ ਤੂੰ ਅੱਗ ਦੇ ਵਿੱਚੋਂ ਦੀ ਚੱਲੇਂਗਾ, ਉਹ **ਤੈਨੂੰ ਨਾ ਸਾੜੇਗੀ**, ਨਾ ਲਾਟ ਤੇਰੇ ਉੱਤੇ ਬਲੇਗੀ। (3) ਮੈਂ ਤਾਂ ਯਹੋਵਾਹ ਤੇਰਾ ਪਰਮੇਸ਼ਰ ਹਾਂ, ਇਸਰਾਏਲ ਦਾ ਪਵਿੱਤਰ ਪੁਰਖ, ਤੇਰਾ ਬਚਾਉਣ ਵਾਲਾ ਹਾਂ। ਯਸਾਯਾਹ 43:1-3

ਮੁਬਾਰਕ ਹੋਵੇ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ਰ ਅਤੇ ਪਿਤਾ **ਜਿਹ ਨੇ** ਮਸੀਹ ਵਿੱਚ ਸੁਰਗੀ ਥਾਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ **ਸਾਨੂੰ ਬਰਕਤ ਦਿੱਤੀ।** (4) ਜਿਵੇਂ **ਉਹ ਨੇ ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਭਈ **ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।**

ਉਹ ਨੇ ਜੋ **ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ** ਯਿਸੂ ਮਸੀਹ ਦੇ ਰਾਹੀਂ ਆਪਣੇ ਲਈ **ਸਾਨੂੰ** ਲੇਪਾਲਕ ਪੁੱਤਰ ਹੋਣ ਨੂੰ **ਅੱਗੋਂ ਹੀ ਠਹਿਰਾਇਆ**। ਅਫਸੀਆਂ 1:3-6

ਅਤੇ ਆਗਿਆਕਾਰ ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ **ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ**। (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ **ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ**। (16) ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ। 1 ਪਤਰਸ 1:14-16

ਮੈਂ ਤਾਂ ਆਪਣੀਆਂ **ਸੋਚਾਂ** ਨੂੰ ਜਿਹੜੀਆਂ **ਤੁਹਾਡੇ ਵਿਖੇ ਸੋਚਦਾ ਹਾਂ** ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, **ਸ਼ਾਂਤੀ** ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ **ਛੇਕੜ** ਨੂੰ **ਆਸ** ਦੁਆਵਾਂ। ਯਿਰਮਿਯਾਹ 29:11

ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ। ਯੂਹੰਨਾ 14:15

ਪਰਮੇਸ਼ੁਰ ਹਮੇਸ਼ਾਂ ਉਨ੍ਹਾਂ ਨੂੰ ਉੱਤਮ ਦਿੰਦਾ ਹੈ ਜੋ ਉਸ ਉੱਤੇ ਭਰੋਸਾ ਕਰਦੇ ਹਨ ਅਤੇ ਉਸ ਦੀ ਆਗਿਆਕਾਰੀ ਕਰਦੇ ਹਨ ਅਤੇ ਉਨ੍ਹਾਂ ਯੋਜਨਾਵਾਂ ਦੇ ਅਨੁਸਾਰ ਚੱਲਦੇ ਹਨ ਜੋ ਉਹ ਉਨ੍ਹਾਂ ਦੇ ਜੀਵਨ ਲਈ ਰੱਖਦਾ ਹੈ।

ਅਤੇ ਉਨ੍ਹਾਂ ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤਰ ਸਾਂ। (4) ਪਰੰਤੂ ਪਰਮੇਸ਼ਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। (5) ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) ਅਫਸੀਆਂ 2:3-5

ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ **ਮਾਰ ਸੁੱਟੋ** ਅਰਥਾਤ **ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ।** (7) ਜਿਨ੍ਹਾਂ ਦੇ ਰਾਹ ਤੁਸੀਂ ਵੀ ਅੱਗੇ ਚੱਲਦੇ ਸਾਓ ਜਿਸ ਵੇਲੇ ਉਨ੍ਹਾਂ ਵਿੱਚ ਜੀਉਂਦੇ ਸਾਓ। (8) **ਪਰ ਹੁਣ ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਰਥਾਤ ਕੋਪ, ਕ੍ਰੋਧ, ਬਦੀ, ਦੁਰਬਚਨ, ਅਤੇ ਆਪਣੇ ਮੂੰਹੋਂ ਗੰਦੀਆਂ ਗਾਲਾਂ ਕੱਢਣੀਆਂ ਛੱਡ ਦਿਓ**। ਕੁਲੁੱਸੀਆਂ 3:5, 7-8

## XV. ਸਾਫ਼ ਵਿਵੇਕ ਦਾ ਵੱਡਾ ਮੁੱਲ ਹੈ

ਮੈਂ ਆਪਣਾ ਧਰਮ ਤਕੜਾਈ ਨਾਲ ਫੜਿਆ, ਅਤੇ ਉਹ ਨੂੰ ਨਾ ਜਾਣ ਦਿਆਂਗਾ, **ਮੇਰਾ ਦਿਲ ਮੈਨੂੰ** ਉਮਰ ਭਰ **ਉਲਾਹਮਾ ਨਾ ਦੇਵੇਗਾ।** ਅੱਯੂਬ 27:6

ਤਾਂ ਪੌਲੁਸ ਨੇ ਸਭਾ ਦੀ ਵੱਲ ਧਿਆਨ ਲਾ ਕੇ ਕਿਹਾ, ਹੇ ਭਰਾਵੋ, ਮੈਂ ਅੱਜ ਤੀਕ **ਪੂਰੀ ਨੇਕਨੀਅਤੀ ਨਾਲ** ਪਰਮੇਸ਼ਰ ਦੇ ਅੱਗੇ ਚੱਲਦਾ ਰਿਹਾ ਹਾਂ। ਰਸੂਲਾਂ ਦੇ ਕਰਤੱਬ 23:1

ਅਤੇ ਨਿਹਚਾ ਅਤੇ **ਸ਼ੁੱਧ ਅੰਤਹਕਰਨ** ਨੂੰ ਤਕੜਿਆਂ **ਰੱਖੀਂ** ਜਿਹ ਨੂੰ ਕਈਆਂ ਨੇ ਛੱਡ ਕੇ ਨਿਹਚਾ ਦੀ ਬੇੜੀ ਡੋਬ ਦਿੱਤੀ। 1 ਤਿਮੋਥਿਉਸ 1:19 NLT

ਸੁੱਚਿਆਂ ਲਈ ਸੱਭੋ ਕੁਝ ਸੁੱਚਾ ਹੈ ਪਰ ਭਰਿਸ਼ਟਾਂ ਅਤੇ ਬੇਪਰਤੀਤਿਆਂ ਲਈ **ਕੁਝ ਵੀ ਸੁੱਚਾ ਨਹੀਂ** ਸਗੋਂ ਉਨ੍ਹਾਂ ਦੀ **ਬੁੱਧ ਅਤੇ ਅੰਤਹਕਰਨ ਭਰਿਸ਼ਟ ਹੋਏ ਹੋਏ ਹਨ।** ਤੀਤੁਸ 1:15

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

## XVI. ਤੁਹਾਡਾ ਸਰੀਰ ਇੱਕ ਮੰਦਰ ਹੈ

ਕੀ ਤੁਸੀਂ ਇਹ ਨਹੀਂ ਜਾਣਦੇ ਜੋ **ਤੁਸੀਂ ਪਰਮੇਸ਼ਰ ਦੀ ਹੈਕਲ ਹੋ** ਅਤੇ **ਪਰਮੇਸ਼ਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੈ**? 1 ਕੁਰਿੰਥੀਆਂ 3:16

ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੇ ਸਰੀਰ ਮਸੀਹ ਦੇ ਅੰਗ ਹਨ**? ਸੋ ਕੀ ਮੈਂ ਮਸੀਹ ਦੇ ਅੰਗ ਲੈ ਕੇ ਕੰਜਰੀ ਦੇ ਅੰਗ ਬਣਾਵਾਂ? **ਕਦੇ ਨਹੀਂ**! (16) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ ਸੰਗ ਕਰਦਾ ਹੈ ਸੋ **ਉਹ ਦੇ ਨਾਲ ਇੱਕ ਦੇਹੀ ਹੈ**? ਕਿਉਂ ਜੋ ਉਹ ਆਖਦਾ ਹੈ ਭਈ ਓਹ ਦੋਵੇਂ ਇੱਕ ਸਰੀਰ ਹੋਣਗੇ। (17) ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ। (18) ਹਰਾਮਕਾਰੀ ਤੋਂ ਭੱਜੋ। ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ। 1 ਕੁਰਿੰਥੀਆਂ 6:15-18

ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੀ ਦੇਹੀ** ਤੁਹਾਡੇ ਅੰਦਰ ਪਵਿੱਤਰ ਆਤਮਾ ਦੀ **ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ਰ ਦੀ ਵੱਲੋਂ ਮਿਲੀ ਹੈ ਅਤੇ **ਤੁਸੀਂ ਆਪਣੇ ਆਪ ਦੇ ਨਹੀਂ ਹੋ**? (20) **ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ਰ ਦੀ ਵਡਿਆਈ ਕਰੋ**। 1 ਕੁਰਿੰਥੀਆਂ 6:19-20

ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ **ਸੰਗ** ਕਰਦਾ ਹੈ ਸੋ ਉਹ ਦੇ ਨਾਲ ਇੱਕ ਦੇਹੀ ਹੈ? ਕਿਉਂ ਜੋ ਉਹ ਆਖਦਾ ਹੈ ਭਈ ਓਹ ਦੋਵੇਂ ਇੱਕ ਸਰੀਰ ਹੋਣਗੇ। (17) **ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ**

**ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ।** (18) ਹਰਾਮਕਾਰੀ ਤੋਂ ਭੱਜੋ। ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ **ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ**। (19) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ਰ ਦੀ ਵੱਲੋਂ ਮਿਲੀ ਹੈ ਅਤੇ **ਤੁਸੀਂ ਆਪਣੇ ਆਪ ਦੇ ਨਹੀਂ ਹੋ**? 1 ਕੁਰਿੰਥੀਆਂ 6:16-19

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

## XVII. ਜੁਆਨ ਔਰਤਾਂ ਨਾਲ ਆਦਰ ਵਾਲਾ ਵਿਹਾਰ ਕਰੋ ਜਿਸ ਦੀਆਂ ਕਿ ਉਹ ਹੱਕਦਾਰ ਹਨ

ਇਸ ਤੋਂ **ਅਸਾਂ ਪ੍ਰੇਮ ਨੂੰ ਜਾਤਾ** ਭਈ ਉਹ ਨੇ **ਸਾਡੇ ਲਈ ਆਪਣੀ ਜਾਨ ਦੇ ਦਿੱਤੀ** ਅਤੇ **ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ**। 1 ਯੂਹੰਨਾ 3:16

ਅਤੇ ਸਾਨੂੰ ਉਸ ਕੋਲੋਂ ਇਹ ਹੁਕਮ ਮਿਲਿਆ ਹੈ ਭਈ **ਜਿਹੜਾ ਪਰਮੇਸ਼ਰ ਨਾਲ ਪ੍ਰੇਮ ਰੱਖਦਾ ਹੈ ਉਹ ਆਪਣੇ ਭਰਾ ਨਾਲ ਵੀ ਪ੍ਰੇਮ ਰੱਖੇ**। 1 ਯੂਹੰਨਾ 4:21

ਸਭਨਾਂ ਦਾ **ਆਦਰ ਕਰੋ**, ਭਾਈਆਂ ਨਾਲ **ਪ੍ਰੇਮ** ਰੱਖੋ, ਪਰਮੇਸ਼ਰ ਦਾ ਭੈ ਮੰਨੋ, ਪਾਤਸ਼ਾਹ ਦਾ ਆਦਰ ਕਰੋ। 1 ਪਤਰਸ 2:17

ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ **ਤਨੋਂ ਮਨੋਂ ਹੋ ਕੇ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ**। 1 ਪਤਰਸ 1:22

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

## XVIII. ਔਰਤ ਦੀਆਂ ਹੱਦਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਨਾ ਕਰੋ

ਜੇਕਰ...ਕਰਕੇ ਤੇਰਾ [ਤੇਰੀ ਦੋਸਤ] ਦੁਖੀ ਹੁੰਦਾ (ਹੁੰਦੀ ਹੈ ਕਿਉਂਕਿ ਤੂੰ ਉਸ ਨੂੰ ਕੋਈ ਯੌਨ ਕਿਰਿਆ ਕਰਨ ਲਈ ਕਿਹਾ] ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚੱਲਦਾ ਹੈਂ। ਜਿਹ ਦੇ ਲਈ ਮਸੀਹ ਮੋਇਆ ਤੂੰ [ਯੌਨ ਦੀ ਮੰਗ ਕਰਕੇ] ਉਹ ਦਾ [ਆਪਣੀ ਦੋਸਤ ਦਾ] ਨਾਸ ਨਾ ਕਰ....(17) ਕਿਉਂ ਜੋ ਪਰਮੇਸ਼ਰ ਦਾ ਰਾਜ [ਹੱਦਾਂ ਨੂੰ ਮਿਟਾਉਣਾ ਅਤੇ ਪਾਰ ਕਰਨਾ] ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ। (18) ਅਤੇ ਜਿਹੜਾ ਇਸ ਬਿਧ ਨਾਲ ਮਸੀਹ ਦੀ ਸੇਵਾ ਕਰਦਾ ਹੈ ਉਹ ਤਾਂ ਪਰਮੇਸ਼ਰ ਨੂੰ ਭਾਉਂਦਾ ਅਤੇ ਮਨੁੱਖਾਂ ਨੂੰ ਪਰਵਾਨ ਹੁੰਦਾ ਹੈ।

(19) ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ [ਮਸੀਹ ਵਿੱਚ ਏਕਤਾ]। (20) [ਕਾਮਨਾ] ਦੇ ਕਾਰਨ ਪਰਮੇਸ਼ਰ ਦਾ ਕੰਮ ਨਾ ਵਿਗਾੜ।... **ਉਸ ਮਨੁੱਖ ਦੇ ਲਈ ਬੁਰਾ ਹੈ**

**ਜਿਹ ਦੇ ਖਾਣਾ ਤੋਂ ਠੇਕਰ ਲੱਗਦੀ ਹੈ।** ਰੋਮੀਆਂ 14:15; 17-20

(ਜੋ ਸ਼ਬਦ ਬਰੈਕਟਾਂ ਵਿੱਚ ਦਿੱਤੇ ਗਏ ਹਨ ਉਹ ਸਾਡੇ ਵਿਸ਼ੇ ਉੱਤੇ ਜ਼ੋਰ ਦੇਣ ਲਈ ਹਨ)

**ਮੁਟਿਆਰਾਂ ਨੂੰ ਅੱਤ ਪਵਿੱਤਰਤਾਈ ਨਾਲ ਭੈਣਾਂ ਵਾਂਗਰ . . . ਸਮਝਾਵੀਂ।**

1 ਤਿਮੋਥਿਉਸ 5:1-2

ਜਿਸ ਕੁੜੀ ਦੇ ਨਾਲ ਵੀ ਤੁਸੀਂ ਪਿਆਰ ਕਰਦੇ ਹੋ ਉਸ ਨੂੰ ਵਿਆਹ ਤਕ **ਸਰੀਰਕ ਸੰਬੰਧਾਂ ਦੇ ਵਿਸ਼ੇ ਵਿੱਚ ਸ਼ੁੱਧ ਰਹਿਣ ਦੀ ਆਪਣੀ ਸੌਂਹ** ਦੇ ਬਾਰੇ ਦੱਸੋ। ਇਸ ਨਾਲ ਕੀ ਹੋਵੇਗਾ ਕਿ ਜਦੋਂ ਤੁਸੀਂ ਮਿਲਦੇ ਹੋ, ਤਾਂ ਇੱਕ ਦੂਸਰੇ ਨਾਲ ਆਪਣੇ ਵਿਹਾਰ ਬਾਰੇ ਸਾਵਧਾਨ ਰਹਿਣ ਵਿੱਚ ਤੁਹਾਨੂੰ ਮਦਦ ਮਿਲੇਗੀ। ਉਹ ਵੀ ਤੁਹਾਨੂੰ ਤੁਹਾਡੀ ਗੱਲ ਵਿੱਚ ਪੱਕੇ ਰਹਿਣ ਵਿੱਚ ਸਹਾਇਤਾ ਕਰੇਗੀ।

ਫਿਰ **ਉਸ ਦੇ ਪਿਤਾ** ਨੂੰ ਵੀ **ਵਿਆਹ ਤਕ ਆਪਣੀ ਸਰੀਰਿਕ ਸੰਬੰਧਾਂ ਦੇ ਵਿਸ਼ੇ ਵਿੱਚ ਸ਼ੁੱਧ ਰਹਿਣ** ਦੀ **ਸੌਂਹ** ਅਤੇ ਅਤੇ ਆਪਣੇ ਸਮਰਪਣ ਬਾਰੇ **ਦੱਸੋ।** ਆਪਣੀ ਬੇਟੀ ਦੇ ਸੰਬੰਧ ਵਿੱਚ ਉਸ ਦੇ ਪਿਤਾ ਦਾ ਭਰੋਸਾ ਤੁਹਾਡੇ ਉੱਤੇ ਵਧੇਗਾ ਅਤੇ ਉਹ ਤੁਹਾਡਾ ਆਦਰ ਕਰੇਗਾ। ਇਹ ਉਸ ਦੇ ਲਈ ਵੀ ਇੱਕ ਵੱਡੀ ਚੁਨੌਤੀ ਬਣ ਸਕਦਾ ਹੈ ਕਿ ਉਹ ਆਪਣੀ ਪਤਨੀ ਦੇ ਪ੍ਰਤੀ ਵਫ਼ਾਦਾਰ ਰਹੇ।

ਬਾਈਬਲ ਜੁਆਨ ਔਰਤਾਂ ਨੂੰ ਇਹ ਆਖਦੀ ਹੈ

ਇਸੇ ਤਰਾਂ ਚਾਹੁੰਦਾ ਹਾਂ ਭਈ ਇਸਤਰੀਆਂ ਲਾਜ ਅਤੇ ਸੰਜਮ ਸਹਿਤ **ਆਪਣੇ ਆਪ ਨੂੰ ਸੁਹਾਉਣੀ ਪੁਸ਼ਾਕੀ ਨਾਲ ਸੁਆਰਨ**, ਨਾ ਗੁੰਦਿਆਂ ਹੋਇਆਂ ਵਾਲਾਂ ਅਤੇ ਸੋਨੇ ਯਾ ਮੋਤੀਆਂ ਯਾ ਭਾਰੇ ਮੁੱਲ ਦੇ ਬਸਤਰਾਂ ਨਾਲ, (10) **ਸਗੋਂ ਸ਼ੁਭ ਕਰਮਾਂ ਦੇ ਵਸੀਲੇ ਨਾਲ** ਕਿਉਂ ਜੋ ਇਹ ਉਨ੍ਹਾਂ ਇਸਤਰੀਆਂ ਨੂੰ ਫਬਦਾ ਹੈ ਜਿਹੜੀਆਂ **ਪਰਮੇਸ਼ਰ ਦੀ ਭਗਤੀ ਨੂੰ ਮੰਨਦੀਆਂ ਹਨ।** 1 ਤਿਮੋਥਿਉਸ 2:9-10

ਅਤੇ ਤੁਹਾਡਾ ਸਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ **ਬਾਹਰਲਾ ਨਾ ਹੋਵੇ।** (4) ਪਰ ਉਹ **ਮਨ ਦੀ ਗੁਪਤ ਇਨਸਾਨੀਅਤ** ਹੋਵੇ ਜਿਹੜੀ ਓਸ ਅਵਨਾਸੀ ਸਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ਰ ਦੇ ਲੇਖੇ ਵੱਡੇ ਮੁੱਲ ਦਾ ਹੈ। (5) ਕਿਉਂ ਜੋ ਇਸੇ ਤਰਾਂ ਅਗਲੇ ਸਮਿਆਂ ਵਿੱਚ ਪਵਿੱਤਰ ਇਸਤਰੀਆਂ ਜਿਹੜੀਆਂ ਪਰਮੇਸ਼ਰ ਉੱਤੇ ਆਸ ਰੱਖਦੀਆਂ ਸਨ ਆਪਣਿਆਂ ਪੁਰਸ਼ਾਂ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਸਿੰਗਾਰਦੀਆਂ ਸਨ। 1 ਪਤਰਸ 3:3-5

ਜਿਸ ਕੁੜੀ ਨਾਲ ਤੁਸੀਂ ਪ੍ਰੇਮ ਕਰਦੇ ਹੋ ਉਸ ਨੂੰ ਦੱਸੋ ਕਿ ਤੁਸੀਂ ਵਿਆਹ ਤਕ ਆਪਣੇ ਆਪ ਨੂੰ ਸ਼ੁੱਧ ਰੱਖਣ ਦਾ ਸਮਰਪਣ ਕੀਤਾ ਹੈ। ਜੇਕਰ ਉਹ ਗਲਤ ਢੰਗ ਜਾਂ ਅਣਉਚਿਤ ਤਰੀਕੇ ਨਾਲ ਕੱਪੜੇ ਪਹਿਨਦੀ ਹੈ ਤਾਂ ਉਸ ਨੂੰ ਕਹੋ ਕਿ ਉਹ ਆਪਣੇ ਕੱਪੜੇ ਪਹਿਨਣ ਦੇ ਤੌਰ ਤਰੀਕੇ ਵਿੱਚ ਸੁਧਾਰ ਕਰੇ ਤਾਂ ਜੋ ਪਰਤਾਵੇ ਵਿੱਚ ਪੈਣ ਤੋਂ ਬਚਿਆ ਜਾ ਸਕੇ। ਇਹ ਸਭ ਸੁਣ ਕੇ ਭਾਵੇਂ ਉਹ ਜੋ ਵੀ ਕਹੇ, ਪਰ ਉਸ ਦੇ ਦਿਲ ਵਿੱਚ ਤੁਹਾਡੇ ਲਈ ਬਹੁਤ ਆਦਰ ਹੋਵੇਗਾ।

## XIX. ਤੁਸੀਂ ਪਰਮੇਸ਼ੁਰ ਦੀ ਫ਼ੌਜ ਵਿੱਚ ਇੱਕ ਜੋਧੇ ਦੇ ਰੂਪ ਵਿੱਚ ਬੁਲਾਏ ਗਏ ਹੋ

**ਜਿਵੇਂ ਦਾਊਦ ਗੋਲਿਅਥ ਨਾਲ ਲੜਿਆ, ਤੁਹਾਨੂੰ ਵੀ ਕਾਮਨਾ ਦੇ ਅਜਗਰ ਨਾਲ ਲੜਨ ਦੀ ਜ਼ਰੂਰਤ ਹੈ।**

ਹਰੇਕ ਚੰਗਾ ਸਿਪਾਹੀ ਆਪਣੇ **ਕਮਾਂਡਰ ਦੇ ਮਗਰ ਚੱਲਦਾ ਹੈ ਅਤੇ ਉਸ ਦਾ ਹੁਕਮ ਮੰਨਦਾ ਹੈ।**

**ਉਸ ਨੇ ਤੁਹਾਨੂੰ ਉਸ ਦੇ ਜੋਧੇ ਹੋਣ ਦੇ ਲਈ ਬੁਲਾਇਆ ਹੈ**

ਕਿਉਂ ਜੋ **ਤੁਸੀਂ** ਇਸੇ ਕਾਰਨ **ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ **ਉਹ ਦੀ ਪੈੜ ਉੱਤੇ ਤੁਰੋ**। ਉਹ ਨੇ ਕੋਈ ਪਾਪ ਨਹੀਂ ਕੀਤਾ..... ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

1 ਪਤਰਸ 2:21-24

**ਉਹ ਤੁਹਾਨੂੰ ਪਵਿੱਤਰ ਰਹਿਣ ਦਾ ਹੁਕਮ ਦਿੰਦਾ ਹੈ**

ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ **ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ**। (16) ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ।

1 ਪਤਰਸ 1:15-16

**ਉਹ ਤੁਹਾਨੂੰ ਨਵਾਂ ਵਿਅਕਤੀ ਬਣਨ ਦਾ ਹੁਕਮ ਦਿੰਦਾ ਹੈ**:

ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿੱਚ ਹੈ ਤਿਵੇਂ ਉਸ ਵਿੱਚ ਤੁਸੀਂ ਸਿਖਾਏ ਗਏ ਹੋ। (22) ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ **ਕਾਮਨਾਂ** ਦੇ ਅਨੁਸਾਰ ਵਿਗੜਦੀ ਜਾਂਦੀ ਹੈ। (23) ਅਤੇ ਆਪਣੇ **ਮਨ ਦੇ ਸੁਭਾਉ** ਵਿੱਚ ਨਵੇਂ ਬਣੋ (24) ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ ਅਤੇ ਪਵਿੱਤਰਤਾਈ** ਵਿੱਚ ਉਤਪਤ ਹੋਈ। ਅਫਸੀਆਂ 4:21-24

**ਜਿਵੇਂ ਉਹ ਸੋਚਦਾ ਹੈ ਉਸੇ ਤਰ੍ਹਾਂ ਤੁਹਾਨੂੰ ਸੋਚਣ ਦਾ ਹੁਕਮ ਦਿੰਦਾ ਹੈ**:

ਕਿਉਂ ਜੋ **ਸਰੀਰਕ ਮਨਸ਼ਾ** ਮੌਤ ਹੈ ਪਰ **ਆਤਮਿਕ ਮਨਸ਼ਾ** ਜੀਵਨ ਅਤੇ ਸ਼ਾਂਤੀ ਹੈ। ਰੋਮੀਆਂ 8:6

ਇਸ ਲਈ **ਤੁਸੀਂ ਆਪਣੀ ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ...** 1 ਪਤਰਸ 1:13

**ਉਹ ਤੁਹਾਨੂੰ ਇੱਕ ਦ੍ਰਿੜ ਆਦਮੀ ਬਣਨ ਦਾ ਹੁਕਮ ਦਿੰਦਾ ਹੈ:**

ਜਾਗਦੇ ਰਹੋ। ਨਿਹਚਾ ਵਿੱਚ ਦ੍ਰਿੜ੍ਹ ਰਹੋ, **ਪੁਰਖਾਰਥ ਕਰੋ**, ਤਕੜੇ ਹੋਵੋ। ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।

1 ਕੁਰਿੰਥੀਆਂ 16:13-14

**ਉਹ ਬਚੇ ਰਹਿਣ ਦਾ ਹੁਕਮ ਦਿੰਦਾ ਹੈ:**

ਹਰ ਪਰਕਾਰ ਦੀ ਬਦੀ ਤੋਂ **ਲਾਂਭੇ ਰਹੋ।** 1 ਥੱਸਲੁਨੀਕੀਆ 5:22

ਹੇ ਪਿਆਰਿਓ, **ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ** ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ** ਜਿਹੜੀਆਂ ਜਾਨ ਨਾਲ ਲੜਦੀਆਂ ਹਨ। 1 ਪਤਰਸ 2:11-12

**ਉਹ ਸ਼ੁੱਧਤਾ ਦਾ ਹੁਕਮ ਦਿੰਦਾ ਹੈ**

ਸੋ ਹੇ ਪਿਆਰਿਓ, ਜਦੋਂ ਏਹ ਬਚਨ ਸਾਨੂੰ ਦਿੱਤੇ ਹੋਏ ਹਨ ਤਾਂ ਆਓ, ਅਸੀਂ **ਆਪਣੇ ਆਪ ਨੂੰ** ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ **ਸ਼ੁੱਧ ਕਰਕੇ** ਪਰਮੇਸ਼ਰ ਦੇ ਭੌ ਨਾਲ ਪਵਿੱਤਰਤਾਈ ਨੂੰ ਸੰਪੂਰਨ ਕਰੀਏ।

2 ਕੁਰਿੰਥੀਆਂ 7:1

**ਉਹ ਤੁਹਾਨੂੰ ਇੱਕ ਮਿਸਾਲ ਬਣਨ ਦਾ ਹੁਕਮ ਦਿੰਦਾ ਹੈ:**

ਇਸ ਲਈ ਜੋ ਮੈਂ ਤੁਹਾਨੂੰ ਇੱਕ **ਨਮੂਨਾ** ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ।

ਯੂਹੰਨਾ 13:15

ਕੋਈ ਤੇਰੀ ਜਵਾਨੀ ਨੂੰ ਤੁੱਛ ਨਾ ਜਾਣੇ ਸਗੋਂ ਤੂੰ ਨਿਹਚਾਵਾਨਾਂ ਲਈ **ਬਚਨ ਵਿੱਚ**, **ਚਾਲ ਚਲਣ ਵਿੱਚ**, **ਪ੍ਰੇਮ ਵਿੱਚ**, **ਨਿਹਚਾ ਵਿੱਚ**, **ਪਵਿੱਤਰਤਾਈ** ਵਿੱਚ, **ਨਮੂਨਾ** ਬਣੀਂ।

1 ਤਿਮੋਥਿਉਸ 4:12

**ਹਰੇਕ ਕਮਾਂਡਰ ਚਾਹੁੰਦਾ ਹੈ ਕਿ ਉਸ ਦੇ ਸਿਪਾਹੀ ਸੰਜਮ ਰੱਖਣ**

**ਸੁਚੇਤ ਹੋਵੋ, ਜਾਗਦੇ ਰਹੋ**! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ (ਜਾਂ ਅਜਗਰ) ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ ਪਾੜ ਖਾਵਾਂ**! ਤੁਸੀਂ ਆਪਣੀ ਨਿਹਚਾ ਵਿੱਚ ਤਕੜੇ ਹੋ ਕੇ **ਉਹ ਦਾ ਸਾਹਮਣਾ ਕਰੋ** ਇਹ ਜਾਣ ਕੇ ਜੋ ਤੁਹਾਡੇ ਗੁਰਭਾਈ ਜਿਹੜੇ ਜਗਤ ਵਿੱਚ ਹਨ ਓਹਨਾਂ ਨੂੰ ਵੀ ਏਹੋ ਦੁੱਖ ਸਹਿਣੇ ਪੈਂਦੇ ਹਨ। 1 ਪਤਰਸ 5:8-9

**ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?** ਲੂਕਾ 6:46

ਜਿਹੜਾ ਮਨੁੱਖ ਆਪਣੀ ਰੂਹ ਉੱਤੇ ਵੱਸ ਨਹੀਂ ਰੱਖਦਾ, ਉਹ ਉਸ ਢੱਠੇ ਹੋਏ ਨਗਰ ਵਰਗਾ ਹੈ ਜਿਹਦੀ ਸ਼ਹਿਰ ਪਨਾਹ ਨਾ ਹੋਵੇ। ਕਹਾਉਤਾ 25:28

---

## XX. ਤੁਸੀਂ ਇਕੱਲੇ ਇਹ ਯੁੱਧ ਨਹੀਂ ਲੜ ਸਕਦੇ

**ਤੁਹਾਨੂੰ ਪ੍ਰਭੂ ਦੀ ਸਹਾਇਤਾ ਦੀ ਜ਼ਰੂਰਤ ਹੈ**

- ਇਸ ਲਈ ਤੁਹਾਨੂੰ ਹਰ ਸਮੇਂ ਆਤਮਾ ਦੇ ਵਿੱਚ **ਪ੍ਰਾਰਥਨਾ** ਕਰਨੀ ਚਾਹੀਦੀ ਹੈ ਅਫਸੀਆਂ 6:18

- **ਪਰਮੇਸ਼ਰ ਦੇ ਨੇੜੇ ਜਾਓ** ਤਾਂ **ਉਹ ਤੁਹਾਡੇ ਨੇੜੇ ਆਵੇਗਾ**। ਹੇ ਪਾਪੀਓ, ਆਪਣੇ ਹੱਥ ਸ਼ੁੱਧ ਕਰੋ ਅਤੇ ਹੇ ਦੁਚਿੱਤਿਓ, ਆਪਣੇ ਦਿਲਾਂ ਨੂੰ ਪਵਿੱਤਰ ਕਰੋ। ਯਾਕੂਬ 4:8

**ਅਸੀਂ ਪ੍ਰਭੂ ਦੇ ਪ੍ਰਤੀ ਜਵਾਬਦੇਹ ਹਾਂ**

- ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ਰ ਨੂੰ ਆਪੋ ਆਪਣਾ **ਲੇਖਾ ਦੇਣਾ ਹੈ**। ਰੋਮੀਆਂ 14:12

**ਅਸੀਂ ਇੱਕ ਦੂਸਰੇ ਦੇ ਪ੍ਰਤੀ ਜਵਾਬਦੇਹ ਹਾਂ**

- **ਤੁਹਾਨੂੰ ਆਪਣੇ ਆਪ ਨੂੰ ਦੂਸਰੇ ਮਨੁੱਖਾਂ ਦੇ ਪ੍ਰਤੀ ਜਵਾਬਦੇਹ ਬਣਾਉਣਾ ਚਾਹੀਦਾ ਹੈ**। ਆਪਣੀਆਂ ਜਿੱਤਾਂ ਅਤੇ ਹਾਰਾਂ ਨੂੰ ਸਾਂਝਾ ਕਰੋ, ਸਹਾਇਤਾ ਮੰਗੋ, ਸਲਾਹ ਮੰਗੋ, ਪ੍ਰਾਰਥਨਾ ਲਈ ਕਹੋ। ਲਗਾਤਾਰ ਆਪਸ ਵਿੱਚ ਮਿਲਦੇ ਰਹੋ।

ਆਪਣੇ ਆਪ ਨਾਲ, ਆਪਣੀਆਂ ਅੱਖਾਂ ਨਾਲ **ਇੱਕ ਨੇਮ ਬੰਨ੍ਹੋ** ਕਿ ਤੁਸੀਂ ਕੋਈ ਵੀ ਅਜਿਹੀ ਫਿਲਮ ਜਾਂ ਟੈਲੀਵਿਜ਼ਨ ਪ੍ਰੋਗਰਾਮ **ਨਹੀਂ ਵੇਖੋਗੇ** ਜਾਂ ਐਸੀਆਂ ਕਿਤਾਬਾਂ ਨਹੀਂ ਪੜ੍ਹੋਗੇ ਜਿਨ੍ਹਾਂ ਵਿੱਚ ਥੋੜ੍ਹੀ ਜਿਹੀ ਵੀ ਅਸ਼ਲੀਲ ਭਾਸ਼ਾ ਜਾਂ ਤਸਵੀਰਾਂ ਦਾ ਇਸਤੇਮਾਲ ਕੀਤਾ ਗਿਆ ਹੋਵੇ। ਤੁਹਾਨੂੰ ਆਪਣੇ ਮਨ ਦੀ ਰਾਖੀ ਕਰਨੀ ਜ਼ਰੂਰੀ ਹੈ। **ਜੇਕਰ** ਤੁਸੀਂ **ਥੋੜਾ ਜਿਹਾ ਵੀ ਦਰਵਾਜ਼ਾ ਖੋਲ੍ਹਦੇ ਹੋ** ਤਾਂ **ਅੱਗ ਉਗਲਣ ਵਾਲਾ ਅਜਗਰ** ਹੌਲੀ ਜਿਹੀ **ਅੰਦਰ ਆ ਵੜ੍ਹੇਗਾ** ਅਤੇ ਤੁਹਾਡੇ ਮਨ ਦੇ ਇਲਾਕੇ ਉੱਤੇ ਹੌਲੀ-ਹੌਲੀ ਕਬਜ਼ਾ ਕਰਦਾ ਜਾਵੇਗਾ ਅਤੇ ਅੰਤ ਵਿੱਚ **ਪੂਰਾ ਕਬਜ਼ਾ ਕਰ ਲਵੇਗਾ**।

ਆਪਣੇ **ਜਵਾਬਦੇਹੀ ਵਾਲੇ ਸਮੂਹ** ਵਿੱਚ ਦੂਸਰਿਆਂ ਨੂੰ ਵੀ ਉਹੋ ਨੇਮ ਬੰਨ੍ਹਣ ਲਈ ਕਹੋ।

ਅਤੇ **ਪੰਜ ਤੁਹਾਡੇ ਵਿੱਚੋਂ** ਸੌ ਨੂੰ ਭਜਾਉਣਗੇ ਅਤੇ **ਸੌ ਤੁਹਾਡੇ ਵਿੱਚੋਂ** ਦਸ ਹਜਾਰ ਨੂੰ ਭਜਾਉਣਗੇ ਅਤੇ ਤੁਹਾਡੇ **ਵੈਰੀ** ਤੁਹਾਡੇ ਅੱਗੇ **ਤਲਵਾਰ ਨਾਲ ਡਿੱਗਣਗੇ**। ਲੇਵੀਆਂ 26:8

ਸਗੋਂ ਜਿੰਨਾ ਚਿਰ ਅੱਜ ਦਾ ਦਿਨ ਆਖੀਦਾ ਹੈ ਤੁਸੀਂ ਨਿੱਤ ਇੱਕ ਦੂਏ ਨੂੰ **ਉਪਦੇਸ਼** ਕਰਿਆ ਕਰੋ.... **ਤਾਂ ਜੋ** ਤੁਹਾਡੇ ਵਿੱਚੋਂ ਕੋਈ ਪਾਪ ਦੇ ਧੋਖੇ **ਨਾਲ ਕਠੋਰ** ਨਾ **ਹੋ ਜਾਵੇ**। ਇਬਰਾਨੀਆਂ 3:13

ਅਤੇ **ਪ੍ਰੇਮ ਅਰ ਸ਼ੁਭ ਕਰਮਾਂ** ਲਈ ਉਭਾਰਨ ਨੂੰ ਅਸੀਂ ਇੱਕ ਦੂਏ ਦਾ **ਧਿਆਨ ਰੱਖੀਏ**। ਇਬਰਾਨੀਆਂ 10:24

**ਮਸੀਹ ਦਾ ਬਚਨ** ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ...**ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ** ਅਤੇ **ਚਿਤਾਰਿਆ ਕਰੋ** ਕੁਲੁੱਸੀਆਂ 3:16

ਅਤੇ ਮਸੀਹ ਦੇ ਭੌ ਵਿੱਚ **ਇੱਕ ਦੂਏ ਦੇ ਅਧੀਨ ਰਹੋ**। ਅਫ਼ਸੀਆਂ 5:21

ਭਈ ਸਰੀਰ ਵਿੱਚ **ਫੋਟਕ ਨਾ** ਪਵੇ...**ਇੱਕ ਦੂਜੇ ਦੇ ਲਈ** ਇੱਕ ਸਮਾਨ **ਚਿੰਤਾ ਕਰਨ**। 1 ਕੁਰਿੰਥੀਆਂ 12:25

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

## XXI. ਮੁੱਕਦੀ ਗੱਲ:

**ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ**। ਇਸ ਲਈ **ਦ੍ਰਿੜ ਰਹੋ** ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁਪੋ......(16) ਪਰ **ਮੈਂ** ਆਖਦਾ ਹਾਂ, **ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ**। (17) ਕਿਉਂ ਜੋ **ਸਰੀਰ ਆਤਮਾ ਦੇ ਵਿਰੁੱਧ**, ਅਤੇ ਆਤਮਾ ਸਰੀਰ ਦੇ **ਵਿਰੁੱਧ** ਲੋਚਦਾ ਹੈ ਕਿਉਂ ਜੋ ਏਹ ਇੱਕ ਦੂਏ ਦੇ **ਵਿਰੁੱਧ** ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ। ਗਲਾਤੀਆਂ 5:1, 16-17

- ਦੋਹਾਂ ਵਿੱਚੋਂ ਜਿਸ ਨੂੰ ਵੀ ਤੁਸੀਂ ਖੁਰਾਕ ਦਿੰਦੇ ਰਹੋਗੇ ਉਹ ਤਾਕਤਵਰ ਹੁੰਦਾ ਜਾਵੇਗਾ ਅਤੇ ਤੁਹਾਡੇ ਜੀਵਨ ਤੇ ਕਾਬੂ ਪਾ ਲਵੇਗਾ।

(18) ਪਰ **ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ...** (22) **ਆਤਮਾ ਦਾ ਫਲ ਇਹ ਹੈ**-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, (23) ਨਰਮਾਈ, ਸੰਜਮ।

ਜਾਗਦੇ ਰਹੋ। ਨਿਹਚਾ ਵਿੱਚ ਦ੍ਰਿੜ੍ਹ ਰਹੋ, **ਪੁਰਖਾਰਥ ਕਰੋ** (ਜਿਵੇਂ ਮਸੀਹ ਯਿਸੂ ਨੇ ਕੀਤਾ), ਤਕੜੇ ਹੋਵੋ। ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ। 1 ਕੁਰਿੰਥੀਆਂ 16:13-14

ਇਹ ਯੁੱਧ ਸਾਡਾ ਹੈ – ਅੱਗ ਉਗਲਣ ਵਾਲੇ ਅਜਗਰ ਨੂੰ ਹਰਾਉਣ ਦੇ ਲਈ

ਆਖਰੀ ਜਿੱਤ ਪ੍ਰਭੂ ਯਿਸੂ ਮਸੀਹ ਵੱਲੋਂ ਭਵਿੱਖ ਵਿੱਚ ਛੇਤੀ ਹੀ ਹਾਸਲ ਕੀਤੀ ਜਾਵੇਗੀ। ਅਤੇ ਉਹ ਨੇ **ਅਜਗਰ** ਨੂੰ ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ਤਾਨ ਹੈ ਫੜਿਆ ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ। (3) ਅਤੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਇਹ ਨੂੰ ਮੁੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ। ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ। ਪਰਕਾਸ਼ ਦੀ ਪੋਥੀ 20:2-3

ਪਰ ਉਸ ਦਿਨ ਦੇ ਆਉਣ ਤੀਕ: ਸਾਨੂੰ ਲੜਦੇ ਰਹਿਣਾ ਅਤੇ ਕਾਮਨਾ ਦੇ ਉਸ ਅਜਗਰ ਨੂੰ ਜਿੱਤਣਾ ਜ਼ਰੂਰੀ ਹੈ ਜੋ ਸਾਡੇ ਸਰੀਰ ਦੀ ਮਨੁੱਖੀ ਗੁਫਾ ਵਿੱਚ ਰਹਿੰਦਾ ਹੈ।

ਪਰ ਧੰਨਵਾਦ ਹੈ ਪਰਮੇਸ਼ਰ ਦਾ **ਜੋ ਸਾਨੂੰ** ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ ਹੈ**! ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ **ਇਸਥਿਰ ਅਤੇ ਅਡੋਲ ਹੋਵੋ ਅਤੇ ਪ੍ਰਭੂ ਦੇ ਕੰਮ ਵਿੱਚ ਸਦਾ ਵਧਦੇ ਜਾਓ** ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੂ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ। 1 ਕੁਰਿੰਥੀਆਂ 15:57-58

ਜੇਕਰ ਤੁਸੀਂ ਲੜਨ ਲਈ ਅਤੇ ਜਿੱਤ ਹਾਸਲ ਕਰਨ ਲਈ ਤਿਆਰ ਹੋ, ਤਾਂ ਜਿੱਤ ਪੱਕਾ ਤੁਹਾਡੀ ਹੈ।